INTERNATIONAL MAGAZINE
RNI No. 61816/95
Postal Regd. No. CHD/0081/2024-26
30/-
Date of Publishing : 13/10/2026
Page No. from 1 to 68
Date of posting
Last Date of Every Month
Posted by MBU

ਇਕੋ ਬ੍ਰਹਮ ਦੂਤੀਯ ਨਾਸਿਤੇ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭੁ ਬਿਨਾ ਨਹੀ ਜਾਣੀਐ॥

ਆਤਮ ਮਾਰਗ

ਨਵੰਬਰ
(November)
2026

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ
ਦੇ ਪ੍ਰਕਾਸ਼ 1469 ਈ. ਨੂੰ ਰਾਏ ਭੋਏ ਦੀ
ਤਲਵੰਡੀ (ਨਨਕਾਣਾ ਸਾਹਿਬ) ਵਿਖੇ
ਸਤਿਕਾਰਯੋਗ ਪਿਤਾ ਮਹਿਤਾ ਕਲਿਆਣ ਦਾਸ ਜੀ ਦੇ ਘਰ ਅਤੇ
ਮਾਤਾ ਤ੍ਰਿਪਤਾ ਜੀ ਦੀ ਕੁੱਖ ਤੋਂ ਹੋਇਆ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

ਆਤਮ ਮਾਰਗ

ਸਾਲ-ਬੱਤੀਵਾਂ, ਨਵੰਬਰ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

ਚੇਅਰਮੈਨ — ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

https:gurdwaraisherprakashratwarasahib.com

www.ratwarasahib.org,

www.ratwarasahib.com

Apps: RATWARASAHIB TV, (for both apple & andriod)

(Availeble 24 Hours)

Live Programme & Cable Tv Network

98728-14385, 94172-14385, 98147-12900

Registration Under Foreign Contribution

(Regulation) Act 1976 R. No. 115320023

Postal Address for any Enquiry, Money Order, Cheque and Drafts :

'ATAM MARG' MAGAZINE

Gurdwara Ishar Parkash, Ratwara Sahib

(New Chandigarh) P.o. Mullanpur Garibdas,

Teh. Kharar, Distt. S.A.S Nagar

(MOHALI) - 140901, Pb. India

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ (20 ਸਾਲ)	ਫੀ ਕਾਪੀ
300/-	3000/	30/-
320/-	3020/-	(For outstation cheques)

SUBSCRIPTION FOREIGN (ਵਿਦੇਸ਼)

Annual	Life (20 years)
4500/-	45000/-

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਮੈਗਜ਼ੀਨ ਸਬੰਧੀ ਫੋਨ

15 ਤਾਰੀਖ ਤੱਕ ਨਾ ਮਿਲਣ 'ਤੇ

94172-14391

94172-14379

84378-12900

ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
94172-14378, 94172-14384

ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ ਨੰਬਰ

1. ਆਤਮ ਮਾਰਗ
9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪ.ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਰਿਹਾਇਸ਼ ਲਈ - 85570-12900

98889-10777, 96461-01996, 94172-14381

ਤੱਤਕਰਾ

1.	**ਸੰਪਾਦਕੀ** *ਭਾਈ (ਡਾ.) ਸੁਖਵਿੰਦਰ ਸਿੰਘ*	5
2.	**ਬਾਰਹ ਮਾਹਾ** *ਭਾਈ (ਡਾ.) ਸੁਖਵਿੰਦਰ ਸਿੰਘ*	9
3.	**ਚਉਥੈ ਪਹਰਿ ਸਬਾਹ ਕੈ.....॥** *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*	12
4.	**ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਭਾਈ ਧਿੰਗ ਨੂੰ ਉਪਦੇਸ਼** *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*	18
5.	**ਸ੍ਰੀ ਗੁਰੂ ਨਾਨਕ ਦੇਵ ਜੀ** *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*	25
6.	**ਐਸੇ ਜਨ ਵਿਰਲੇ ਸੰਸਾਰੇ** *ਸੰਤ ਬਾਬਾ ਲਖਬੀਰ ਸਿੰਘ ਜੀ*	31
7.	**ਚੇਤਹਿ ਏਕੁ ਤਹੀ ਸੁਖੁ ਹੋਇ** *ਸੰਤ ਬਾਬਾ ਹਰਪਾਲ ਸਿੰਘ ਜੀ*	48
8.	**ਗੁਰਬਾਣੀ ਅਰਥ ਭੰਡਾਰ** *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*	53
9.	**ਜਨ ਪਰਉਪਕਾਰੀ ਆਏ - ਭਾਗ 4** *ਪ੍ਰੋ. ਗੁਰਦੇਵ ਸਿੰਘ*	56
10.	**ਗੁਰੂ ਨਾਨਕ ਆਗਮਨ** *ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*	58
11.	**ਸਮਾਗਮ ਸਮੇਂ ਸਵਾਰੀਆਂ ਲਈ ਜ਼ਿੰਮੇਵਾਰ ਪ੍ਰੇਮੀਆਂ ਦੇ ਨਾਮ ਅਤੇ ਸੰਪਰਕ ਨੰਬਰ**	62
12.	**ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ**	64

ਸੰਪਾਦਕੀ

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥

ਅੰਗ - ੮੩

ਪਵਿੱਤਰ ਗੁਰਬਾਣੀ ਦੇ ਇਹ ਸ਼ਬਦ ਸ੍ਰੀ ਗੁਰ ਨਾਨਕ ਦੇਵ ਜੀ ਦੀ ਦੂਸਰੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਜੀ ਵਲੋਂ ਪ੍ਰਗਟ ਹੋਏ ਹਨ। ਇਨ੍ਹਾਂ ਪਵਿੱਤਰ ਪੰਕਤੀਆਂ ਵਿਚ ਹਿਰਦੇ ਦਾ ਵੈਰਾਗ ਝਲਕ ਰਿਹਾ ਹੈ। 'ਆਤਮ ਮਾਰਗ' ਤੇ ਚੱਲਣ ਲਈ ਵੈਰਾਗ ਇਕ ਅਤੀ ਜ਼ਰੂਰੀ ਪੜਾਅ ਹੈ ਇਸ ਤੋਂ ਬਗੈਰ ਮੋਹ ਮਾਇਆ ਤੋਂ ਛੁਟਕਾਰਾ ਹੋਣਾ ਸੰਭਵ ਨਹੀਂ। ਬਾਬਾ ਫਰੀਦ ਜੀ ਬਾਣੀ 'ਚ ਫੁਰਮਾਨ ਕਰਦੇ ਹਨ -

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨ॥

ਅੰਗ - ੧੩੭੯

ਬਿਰਹਾ ਤੋਂ ਹੀਣਾ ਮਨ ਜਲਿਆ ਹੋਇਆ ਦਸਿਆ ਹੈ। ਜਦੋਂ ਵੈਰਾਗ ਦੀ ਅਵਸਥਾ ਆ ਪਹੁੰਚਦੀ ਹੈ ਤਾਂ ਜਗਿਆਸੂ ਦੇ ਅੰਦਰ ਇਹ ਹੂਕ ਉਠਦੀ ਹੈ -

ਇਕ ਘੜੀ ਨਾ ਮਿਲਤੇ ਤ ਕਲਜੁਗ ਹੋਤਾ।
ਹੁਣ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ। ਸਵੱਯਏ

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

ਅੰਗ - ੧੩੭੯

ਵਿਛੋੜਾ ਸੁਣੇ ਭੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥ ੩ ॥

ਅੰਗ - ੧੩੭੯

ਵੈਰਾਗ ਵੀ ਪ੍ਰੀਤ ਤੇ ਪ੍ਰਤੀਤ ਵਾਲੇ ਜਗਿਆਸੂ ਦੇ ਅੰਦਰ ਹੀ ਉਤਪੰਨ ਹੁੰਦਾ ਹੈ। ਬਿਨਾਂ ਪ੍ਰਤੀਤ ਤੋਂ ਇਹ ਕੈਮੀਕਲੀ ਲਾਈਫ 'ਚ ਜਿਉਂਦਾ ਹੈ ਅਤੇ ਮੁਰਦੇ ਦੇ ਸਮਾਨ ਹੁੰਦਾ ਹੈ।

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥

ਅੰਗ - ੨੫੩

ਦੁਨਿਆਵੀ ਤੌਰ 'ਤੇ ਅਨੇਕ ਵਿਸ਼ੇਸ਼ਤਾਈਆਂ ਬੰਦੇ ਦੇ ਅੰਦਰ ਹੋਣ ਪਰ ਜੇ ਵਾਹਿਗੁਰੂ ਨਾਲ ਪ੍ਰੀਤ ਨਹੀਂ ਤਾਂ ਉਹ ਮੁਰਦੇ ਸਮਾਨ ਹੈ -

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥

ਅੰਗ - ੧੪੨

ਆਤਮ ਮਾਰਗ ਤੇ ਚਲਦਾ ਜਗਿਆਸੂ ਕਰਮ-ਉਪਾਸ਼ਨਾ-ਗਿਆਨ-ਵਿਗਿਆਨ ਦੇ ਪੜਾਅ ਤਹਿ ਕਰਦਾ ਆਖਰੀ ਮੰਜ਼ਲ ਤੇ ਪਹੁੰਚਦਾ ਹੈ ਪਰ ਇਸ ਸਾਰੇ ਮਾਰਗ ਦਾ ਮਾਰਗ ਦਰਸ਼ਨ ਪ੍ਰੇਮ ਨੇ ਹੀ ਕਰਨਾ ਹੁੰਦਾ ਹੈ।

ਨੌਧਾ ਭਗਤੀ ਨੂੰ ਫਲ ਪ੍ਰੇਮਾ ਭਗਤੀ ਦਾ ਹੀ ਲੱਗਣਾ ਹੈ। ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਨੇ ਆਪਣੇ ਸਰੀਰ ਦੇ ਹੁੰਦਿਆਂ ਸਤਵੇਂ ਸਾਲਾਨਾ ਗੁਰਮਤਿ ਸਮਾਗਮ ਵਿਚ ਚਾਰੋਂ ਦਿਨ ਇਕੋ ਹੀ ਵਿਸ਼ਾ ਬੁਲਾਰਿਆਂ ਲਈ ਨਿਰਧਾਰਤ ਕੀਤਾ ਸੀ - ***'ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ'।*** ਵਾਹਿਗੁਰੂ ਆਪ ਵੀ ਪਿਆਰ ਦਾ ਭੁੱਖਾ ਹੈ।

ਗੋਬਿੰਦ ਭਉ ਭਗਤਿ ਦਾ ਭੁਖਾ॥

ਭਗਤ ਜਨਾਂ ਨੇ ਪ੍ਰਮੇਸ਼ਰ ਨੂੰ ਪਿਆਰ ਵਿਚ ਹੀ ਵਸ ਕੀਤਾ ਹੈ।

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥
ਨਾ ਤੂ ਆਵਹਿ ਵਸਿ ਧਰਤੀ ਧਾਈਐ ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥
ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ੧੦ ॥

ਅੰਗ - ੯੬੨

ਪਿਆਰ ਵਾਲੇ ਜਗਿਆਸੂਆਂ ਦੀ ਹਮੇਸ਼ਾ ਅਰਦਾਸ ਹੁੰਦੀ ਹੈ -

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ

ਦੁਖ ਵਿਚਿ ਸੁਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥ ੪ ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ ॥ ੬ ॥ *ਅੰਗ - ੭੫੭*

ਐਸੇ ਪਿਆਰ ਦੇ ਸਾਗਰ ਸਨ, ਪਿਆਰੇ ਮਹਾਂਪੁਰਸ਼ ਅਤੇ ਸਤਿਕਾਰਯੋਗ ਬੀਜੀ ਜਿਨ੍ਹਾਂ ਦੀ ਨਿੱਘੀ ਯਾਦ ਵਿਚ ਵੱਡੀ ਤਦਾਦ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਆ ਕੇ ਮਹਾਨ ਰੂਹਾਨੀ ਸਮਾਗਮ ਵਿਚ ਨਾਮ ਬਾਣੀ ਨਾਲ ਜੁੜ ਰਹੀਆਂ ਹਨ।

ਆਪ ਜੀ ਉਸ ਅਵਸਥਾ ਦੇ ਮਾਲਕ ਸਨ ਜਿਸ ਦਾ ਗੁਰਬਾਣੀ ਵਿਚ ਬਾਰ-ਬਾਰ ਜ਼ਿਕਰ ਆਇਆ ਹੈ-

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ *ਅੰਗ - ੯੭*

ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥ *ਅੰਗ - ੨੮੬*

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ *ਅੰਗ - ੩੧੯*

ਹਰਿ ਹਰਿ ਜਨ ਦੁਈ ਏਕ ਹੈ,
ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ,
ਜਲ ਹੀ ਬਿਖੈ ਸਮਾਹਿ॥ *ਬਚਿਤ੍ਰ ਨਾਟਕ*
ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥ *ਅੰਗ - ੧੦੭੬*

ਆਤਮ ਰਸ ਜਿਹ ਜਾਨਹੀ
ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ,
ਰੰਚਕ ਨਾਹਨ ਭੇਵ॥ *ਸਰਬ ਲੋਹ ਗ੍ਰੰਥ 'ਚੋਂ*

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥
ਅੰਗ - ੨੭੩

ਨਾਨਕ ਕਚੜਿਆ ਸਿਉ ਤੋੜਿ ਛੁਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥
ਅੰਗ - ੧੧੦੨
ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥
ਅੰਗ - ੨੭੯

ਗੁਰੂ ਮਹਾਰਾਜ ਜੀਆਂ ਨੇ ਪਹਿਲੇ ਜਾਮੇ ਤੋਂ ਦਸਵੇਂ ਜਾਮੇ ਤੱਕ ਇਕ ਪੂਰਨ ਮਨੁੱਖ ਦੀ ਘਾੜਤ ਘੜੀ। ਪੂਰਨ ਮਨੁੱਖ ਦੂਸਰਿਆਂ ਦੇ ਭਲੇ ਲਈ ਜੀਵਨ ਬਸਰ ਕਰਦਾ ਹੈ। ਆਪਣੇ ਸੁਖ-ਆਰਾਮ, ਨਿੱਜੀ ਜ਼ਿੰਦਗੀ ਲੋਭ-ਮੋਹ ਅਤੇ ਮਾਇਆ ਤੋਂ ਨਿਰਲੇਪ ਰਹਿ ਕੇ ਸਭ ਦੇ ਸਾਂਝੀਵਾਲ ਹੋ ਕੇ ਸਭ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੜ੍ਹ ਕਰਾਉਣਾ, ਉਨ੍ਹਾਂ ਦਾ ਪ੍ਰਮੁੱਖ ਕਾਰਜ ਹੁੰਦਾ ਹੈ -

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥ *ਅੰਗ - ੭੪੯*

ਜਨਮ ਮਰਨ ਤੋਂ ਰਹਿਤ, ਪ੍ਰਮੇਸ਼ਰ ਵਿਚ ਅਭੇਦ ਮਹਾਂਪੁਰਸ਼ ਪਰਉਪਕਾਰ ਵਾਸਤੇ ਸਰੀਰ ਧਾਰਨ ਕਰਦੇ ਹੋਏ ਵੀ ਜੀਵਨ ਮੁਕਤ ਹੁੰਦੇ ਹਨ -

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥
ਅੰਗ - ੨੭੫

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥ *ਅੰਗ - ੬੩੩*

ਉਨ੍ਹਾਂ ਦੇ ਜੀਵਨ ਦਾ ਮੁੱਖ ਲਖਸ਼ 'ਜੀਅ ਦਾਨ' ਦੇਣਾ ਭਾਵ ਭਗਤੀ ਵਿਚ ਲਾਉਣਾ, ਟੁੱਟੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜਨਾ ਹੋਇਆ ਕਰਦਾ ਹੈ। ਆਪ ਨਾਮ ਜਪਣਾ ਅਤੇ ਹੋਰਨਾਂ ਨੂੰ ਜਪਾਉਣਾ ਉਨ੍ਹਾਂ ਦਾ ਮੁੱਖ ਕਾਰਜ ਹੁੰਦਾ ਹੈ -

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ

ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

ਅੰਗ - ੩੦੫

ਐਸੇ ਪਿਆਰਿਆਂ ਦੀ ਧੂੜੀ ਦੀ ਲੋਚਾ ਗੁਰਬਾਣੀ 'ਚ ਵਾਰ-ਵਾਰ ਕੀਤੀ ਗਈ ਹੈ -

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ ੪ ॥ ੫ ॥

ਅੰਗ - ੧੩

ਐਸੇ ਮਹਾਂਪੁਰਸ਼ ਪ੍ਰਮੇਸ਼ਰ ਵਲੋਂ ਮਿਲਿਆ ਕਾਰਜ ਸਪੰਨ ਕਰਕੇ ਆਪਣੇ ਪਿਆਰੇ ਵਿਚ ਸਮਾਅ ਜਾਂਦੇ ਹਨ।

ਪਿਆਰੇ ਮਹਾਂਪੁਰਸ਼ਾਂ ਦੇ ਬਚਨ ਹਨ ਆਰ ਪਿਆਰੀ ਸੰਗਤ ਵਸਦੀ, ਪਾਰ ਮੇਰਾ ਪਿਆਰਾ। ਪਰ ਜਦੋਂ ਪਿਆਰੇ ਦਾ ਹੁਕਮ ਆ ਗਿਆ ਤਾਂ ਸੰਗਤ ਤੋਂ ਮੈਂ ਮਾਫੀ ਮੰਗ ਲਵਾਂਗਾ। ਅੰਤ ਉਹ ਸਮਾਂ ਵੀ ਆ ਗਿਆ ਜਦੋਂ ਲੱਖਾਂ ਪ੍ਰੇਮੀਆਂ ਲਈ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਸਹਿਣਾ ਅਤੀ ਔਖਾ ਹੋ ਗਿਆ। ਆਪ ਜੀ ਨੇ ਪਿਆਰੇ ਦਾ ਹੁਕਮ ਆਉਣ ਤੇ 31 ਅਕਤੂਬਰ 2001 ਨੂੰ ਦੁਪਹਿਰ ਦੇ 1.12 ਵਜੇ ਭਾਣਾ ਵਰਤਾ ਦਿਤਾ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ *ਅੰਗ - ੮੪੬*

ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥
ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਇ ॥

ਅੰਗ - ੧੩੬੫

ਸਾਰੀ ਦੁਨੀਆਂ ਵਸ ਰਹੀ ਸੀ ਪਰ ਉਸ ਸਮੇਂ ਪਿਆਰਿਆਂ ਲਈ ਉਜਾੜ ਵਿਚ ਬਦਲ ਗਈ। ਦਿਨੇ ਘੁੱਪ ਹਨ੍ਹੇਰਾ ਛਾ ਗਿਆ।

ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਪਵਿੱਤਰ ਬਚਨ ਸੇਧ ਬਖਸ਼ਦੇ ਹਨ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ - ੮੩

ਆਪ ਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਈ ਵਿਰਾਈ ਦੇ ਘਰ'ਚ ਗੁਪਤ ਵਾਸ ਰਖਦੇ ਸਨ। ਆਪ ਜੀ ਨੇ ਵੈਰਾਗ ਵਿਚ ਆ ਕੇ ਇਕਾਂਤ ਵਾਸ ਕੀਤਾ। ਪਿਆਰ ਦੀਆਂ ਬੱਝੀਆਂ ਸੰਗਤਾਂ ਬਹਿਬਲ ਹੋ ਗਈਆਂ। ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਮਾਤਾ ਵਿਰਾਈ ਦੇ ਘਰ ਪਹੁੰਚਦੇ ਹਨ ਤਾਂ ਆਪ ਜੀ ਨੇ ਇਹ ਸਲੋਕ ਉਚਾਰਨ ਕੀਤਾ। ਵੀਚਾਰਨ ਵਾਲੀ ਗੱਲ ਹੈ ਕਿ ਗੁਰੂ ਅੰਗਦ ਦੇਵ ਜੀ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਸਮਾਉਣ ਤੋਂ ਬਾਅਦ 12 ਸਾਲ 9 ਮਹੀਨੇ 17 ਦਿਨ ਸੰਸਾਰ 'ਤੇ ਰਹੇ। ਇਹ ਇਕ ਅਨੋਖੀ ਮਿਸਾਲ ਹੈ। ਇਹ ਧੁਰ ਕੀ ਬਾਣੀ ਹੈ ਜੋ ਨਿਰੋਲ ਸੱਚ ਹੈ। ਇਹ ਮਨੁੱਖਾ ਜੀਵਨ ਲਈ ਸੇਧ ਹੈ। ਇਸ ਸ਼ਬਦ ਨੂੰ ਕਮਾ ਕੇ ਤਾਂ ਸਿੱਖ ਨੇ ਭਵਸਾਗਰ ਪਾਰ ਕਰਨਾ ਹੈ। ਇਥੇ 'ਆਗੈ' ਦਾ ਅਰਥ ਹੈ ਹਜ਼ੂਰੀ ਵਿਚ, 'ਮਰ ਚਲੀਐ' ਦਾ ਅਰਥ ਮਿਟ ਕੇ। ਭਾਈ ਗੁਰਦਾਸ ਜੀ ਹੋਰ ਖੋਲ੍ਹ ਕੇ ਲਿਖਦੇ ਹਨ -

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਣ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ।

ਭਾਈ ਗੁਰਦਾਸ ਜੀ, ਵਾਰ ੩/੧੮

ਭਾਵ ਆਪਣੀ ਹਉਮੈ ਨੂੰ ਮਾਰ ਕੇ ਮੁਰਦੇ ਵਾਂਗ ਸੰਤੋਖੀ ਤੇ ਸਬਰ ਵਾਲਾ ਬਣ ਕੇ ਜੀਵਨ ਬਸਰ ਕਰਨਾ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ
ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥

ਅੰਗ - ੧੧੦੨

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ *ਅੰਗ - ੧੪੧੨*

ਇਹ ਪ੍ਰੇਮ ਦਾ ਮਾਰਗ ਹੈ। ਪ੍ਰਮੇਸ਼ਰ ਆਪ ਪਿਆਰ ਰੂਪ ਹੋ ਕੇ ਰੂਪਮਾਨ ਹੋ ਰਿਹਾ ਹੈ -

ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥

ਪਾਤਸ਼ਾਹੀ ੧੦

ਪਿਆਰੇ ਮਹਾਂਪੁਰਸ਼ਾਂ ਨੇ ਕਿੰਨੇ ਉਪਕਾਰ ਕੀਤੇ, ਗਿਣਤੀ ਤੋਂ ਬਾਹਰ ਹਨ। ਪਿਆਰ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਅ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਆਪ ਜੀ ਸਦੀਵੀ ਅਮਰ ਹਨ। ਆਪ ਜੀ ਤੋਂ

ਵਰੋਸਾਏ ਹੋਏ, ਆਪ ਜੀ ਦੇ ਪਿਆਰ ਰਸ ਮਾਣਦੇ, ਭੌਰੇ ਦੀ ਤਰ੍ਹਾਂ ਸੰਤ ਬਾਬਾ ਲਖਬੀਰ ਸਿੰਘ ਜੀ ਉਸੇ ਚਾਲੀ 'ਤੇ ਚੱਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ।

ਆਪ ਜੀ ਵਲੋਂ ਪ੍ਰਕਾਸ਼ਿਤ ਲਿਟਰੇਚਰ, ਗੁਰਬਾਣੀ ਦੇ ਸਿਧਾਂਤਾਂ ਤੇ ਅਧਾਰਿਤ 'ਆਤਮ ਮਾਰਗ' ਮੈਗਜ਼ੀਨ, ਅਨੇਕਾਂ ਪੁਸਤਕਾਂ, ਆਡੀਉ ਵੀਡੀਉ ਸੀਡੀਜ਼, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁੱਪ-ਹਨ੍ਹੇਰੀਆਂ ਕੋਠੜੀਆਂ ਵਿਚ ਨਿਰਮਲ ਜੋਤਿ ਦਾ ਪ੍ਰਕਾਸ਼ ਕਰ ਰਹੀਆਂ ਹਨ। ਆਪ ਜੀ ਦੀ ਯਾਦ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਆਪ ਜੀ ਦੇ ਪਿਆਰੇ ਜੀਵਨ-ਸਾਥੀ, ਸਤਿਕਾਰਯੋਗ ਮਾਤਾ ਜੀ ਨੇ ਗੁਰਮਤਿ ਦੇ ਪ੍ਰਚਾਰ ਤੇ ਪਸਾਰ ਵਿਚ ਅਥਾਹ ਯੋਗਦਾਨ ਪਾਇਆ। ਇਕੋ ਜੋਤਿ ਸਨ -

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥
ਅੰਗ - ੭੮੮

ਪਿਆਰੇ ਦੇ ਪਿਆਰ ਵਿਚ 12 ਸਾਲ ਗੁਜ਼ਾਰਨ ਤੋਂ ਬਾਅਦ ਆਪ ਜੀ ਵੀ 1 ਨਵੰਬਰ 2013 ਨੂੰ ਪੰਜ ਭੂਤਕ ਸਰੀਰ ਦਾ ਪਰਤਿਆਗ ਕਰਕੇ ਆਪਣੇ ਪਿਆਰੇ ਕੋਲ ਪਹੁੰਚ ਗਏ। ਮਹਾਂਪੁਰਸ਼ਾਂ ਦੀ ਸਰੀਰਕ ਗੈਰ-ਹਾਜ਼ਰੀ ਵਿਚ ਆਪ ਜੀ ਨੇ ਰਤਵਾੜਾ ਸਾਹਿਬ ਦੇ ਸਮੂਹ ਕਾਰਜਾਂ ਵਿਚ ਅਸ਼ੀਰਵਾਦ ਦਿਤੀ ਅਤੇ ਪਿਆਰੇ ਮਹਾਂਪੁਰਸ਼ਾਂ ਵਾਲਾ ਕਾਰਜ ਨਿਭਾ ਕੇ ਗਏ। ਆਪ ਜੀ ਨੇ ਪੰਜ ਭੂਤਕ ਸਰੀਰ ਦਾ ਤਿਆਗ ਵੀ 31 ਅਕਤੂਬਰ ਤੋਂ ਅਗਲੇ ਦਿਨ ਭਾਵ 1 ਨਵੰਬਰ ਨੂੰ ਕੀਤਾ ਤਾਂ ਜੋ ਆਪਣੇ ਪਿਆਰੇ ਬੱਚਿਆਂ ਅਤੇ ਦੇਸਾਂ ਵਿਦੇਸਾਂ ਦੀਆਂ ਪਿਆਰੀਆਂ ਸੰਗਤਾਂ ਦਾ ਖਿਆਲ ਰੱਖਿਆ ਕਿ ਉਹ ਸਾਲਾਨਾ ਯਾਦ ਵਿਚ ਇਕੋ ਵਾਰੀ ਇਕੱਠੇ ਹੋ ਕੇ ਪਿਆਰਿਆਂ ਦੇ ਪਿਆਰ ਵਿਚ ਜੁੜ ਜਾਇਆ ਕਰਨਗੇ।

ਆਪ ਜੀਆਂ ਤੋਂ ਵਰੋਸਾਏ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਰਤਵਾੜਾ ਸਾਹਿਬ ਦੇ ਸਮੁੱਚੇ ਕਾਰਜ ਨਿਰੰਤਰਤਾ ਚੜ੍ਹਦੀ ਕਲਾ ਵਿਚ ਚਲ ਰਹੇ ਹਨ। ਵਿਦਿਅਕ ਖੇਤਰ, ਸਮਾਜਿਕ ਖੇਤਰ ਅਤੇ ਧਾਰਮਿਕ ਖੇਤਰ ਵਿਚ ਟਰੱਸਟ ਵਲੋਂ ਮੱਲਾਂ ਮਾਰੀਆਂ ਜਾ ਰਹੀਆਂ ਹਨ। ਕਾਰ ਸੇਵਾਵਾਂ ਨਾਲ ਅਸਥਾਨ ਉਤੇ ਨਵੀਆਂ ਇਮਾਰਤਾਂ ਦੀ ਉਸਾਰੀ ਹੋ ਰਹੀ ਹੈ। 'ਆਤਮ ਮਾਰਗ' ਅਦਾਰੇ ਨੇ ਕੁਝ ਨਵੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ ਜਿਹੜੀਆਂ ਕਿ ਸਮਾਗਮ ਨੂੰ ਰੀਲੀਜ਼ ਹੋ ਰਹੀਆਂ ਹਨ।

ਆਤਮ ਮਾਰਗ ਦਾ ਹਥਲਾ ਅੰਕ ਵਿਸ਼ੇਸ਼ ਤੌਰ 'ਤੇ ਆਪਣੇ ਪਿਆਰਿਆਂ ਦੀ ਯਾਦ ਨੂੰ ਸਮਰਪਿਤ ਹੈ ਜਿਸ ਵਿਚ ਕਈ ਲੇਖ ਮਹਾਂਪੁਰਸ਼ਾਂ ਤੇ ਬੀਜੀ ਦੀ ਯਾਦ ਨੂੰ ਸਮਰਪਿਤ ਹਨ। ਗੁਰੂ ਕ੍ਰਿਪਾ ਕਰੇ ਆਪਾਂ ਸਾਰੇ ਰਲ ਮਿਲ ਕੇ ਆਪਣੇ ਪਿਆਰਿਆਂ ਦੀ ਯਾਦ ਵਿਚ ਹੋ ਰਹੇ ਮਹਾਨ ਗੁਰਮਤਿ ਰੂਹਾਨੀ ਸਮਾਗਮ ਵਿਚ ਸ਼ਾਮਲ ਹੋ ਕੇ ਪਿਆਰਿਆਂ ਦੇ ਪਿਆਰ ਵਿਚ ਲੀਨ ਹੋਈਏ। 4 ਦਿਨਾਂ ਦੇ ਸਮਾਗਮ ਵਿਚ ਪਹਿਲੇ ਦਿਨ 30 ਅਕਤੂਬਰ ਨੂੰ ਸਮੂੰਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਹੋਣਗੇ।

31 ਅਕਤੂਬਰ ਨੂੰ ਪਿਆਰੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਵਿਚ ਦੀਵਾਨ ਸਜਣਗੇ। 1 ਨਵੰਬਰ ਨੂੰ ਦਿਨੇ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੀ ਯਾਦ ਅਤੇ ਰਾਤ ਦੇ ਸਮਾਗਮ ਵਿਚ ਨੂੰ ਸਿੱਖ ਇਤਿਹਾਸ ਵਿਚ ਬੀਬੀਆਂ ਦੇ ਯੋਗਦਾਨ ਬਾਰੇ ਵਿਚਾਰਾਂ ਹੋਣਗੀਆਂ। 2 ਨਵੰਬਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਮਨਾਏ ਜਾਣਗੇ।

ਵੱਡੀ ਤਦਾਦ ਵਿਚ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚ ਰਹੀਆਂ ਹਨ। ਰਿਹਾਇਸ਼, ਗੁਰੂ ਕੇ ਲੰਗਰਾਂ, ਪਾਰਕਿੰਗ ਅਤੇ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਹੋਰ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਹੋ ਰਹੇ ਹਨ। ਸੰਗਤਾਂ ਦੀ ਸਹੂਲਤ ਲਈ ਹਰ ਤਰ੍ਹਾਂ ਦਾ ਖਿਆਲ ਰੱਖਿਆ ਜਾ ਰਿਹਾ ਹੈ। ਸਮਾਗਮ ਦੌਰਾਨ ਮੈਡੀਕਲ ਕੈਂਪ ਵਿਚ ਮੈਡੀਕਲ ਸਹੂਲਤਾਂ ਫਰੀ ਦਿਤੀਆਂ ਜਾਣਗੀਆਂ। ਦੋ ਮੀਟਿਗਾਂ ਵਿਚ ਲਏ ਗਏ ਫੈਸਲਿਆਂ ਅਨੁਸਾਰ ਸਾਰੇ ਪ੍ਰੇਮੀ ਸੇਵਾਦਾਰ ਆਪਣੀਆਂ-ਆਪਣੀਆਂ ਸੇਵਾਵਾਂ ਨਿਭਾ ਕੇ ਧੰਨ ਭਾਗ ਸਮਝ ਰਹੇ ਹਨ। ਗੁਰੂ ਕ੍ਰਿਪਾ ਕਰੇ ਇਸੇ ਤਰ੍ਹਾਂ ਸੰਗਤਾਂ ਪਿਆਰ ਵਿਚ ਜੁੜਦੀਆਂ ਰਹਿਣ।

ਆਉ! ਰਲ ਮਿਲ ਕੇ ਆਪਣੇ ਸ਼ਾਨਾ ਮੱਤੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੁੜਨ ਦਾ ਅਵਸਰ ਮਾਣੀਏ। ਪਿਆਰਿਆਂ ਦੀ ਯਾਦ ਵਿਚ ਹੋ ਰਹੇ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਨਾਮ ਬਾਣੀ ਨਾਲ ਜੁੜੀਏ। ਆਪ ਜੀ ਸਮੂੰਹ ਪਾਠਕ ਜਨਾਂ ਅਤੇ ਸੰਗਤਾਂ ਦੀ ਉਡੀਕ ਵਿਚ ਟਰੱਸਟ ਰਤਵਾੜਾ ਸਾਹਿਬ ਅਤੇ ਸਮੂੰਹ ਸੰਗਤ।

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ 'ਆਤਮ ਮਾਰਗ'

ਮੰਘਿਰਿ
ਸੰਗਰਾਂਦ - ਨਵੰਬਰ 16 (ਦਿਨ ਸੋਮਵਾਰ)

ਭਾਈ (ਡਾ.) ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥

ਅੰਗ- ੧੩੫

ਸਮੁੱਚੇ ਬਾਰਹ ਮਾਹਾ ਵਿਚ ਮਹੀਨਿਆਂ ਦੇ ਨਾਮ ਕੇਵਲ ਪ੍ਰਤੀਕ ਹਨ। ਵਿਚਾਰ ਆਤਮਿਕ ਅਵਸਥਾ ਦੀਆਂ ਭਾਵਨਾਵਾਂ ਦੀ ਹੈ। ਅਸੁਨਿ - ਕਤਿਕਿ ਵਿਚ ਉਪਰਾਲੇ ਕੀਤੇ ਗਏ ਹਨ ਕਿ ਸਰਦ ਰੁੱਤ ਆਵੇ। ਜਿਵੇਂ ਭਾਦੁਇ ਦਾ ਸ਼ਬਦ ਅਰਥ ਜੋੜ ਭਾ+ਦੁਇ ਹੈ। ਭਾਵ ਦੂਜੇ ਭਾਵ ਵਿਚ ਵਿਚਰਨਾ। ਦਵੈਸ਼ ਭਾਵ ਬਣਿਆ ਰਹਿਣਾ। ਇਹ ਦਵੈਸ਼ ਵਾਤਾਵਰਣ ਵਿਚ ਵਰਤਦਾ ਹੈ ਤੇ ਜੀਵ ਦੀ ਅੰਦਰੂਨੀ ਆਤਮਿਕ ਅਵਸਥਾ ਵਿਚ ਵੀ। ਵਾਤਾਵਰਣ ਦੇ ਤੌਰ 'ਤੇ ਇਕ ਪਾਸੇ ਬਾਰਿਸ਼ ਪੈਂਦੀ ਹੈ ਦੂਜੇ ਪਾਸੇ ਹੁੰਮਸ ਹੁੰਦੀ ਹੈ। ਇਕ ਪਾਸੇ ਮੋਰ ਬੋਲਦੇ ਹਨ ਤੇ ਦੂਜੇ ਪਾਸੇ ਸੱਪ ਡੱਸ ਰਹੇ ਹਨ। ਇਕ ਪਾਸੇ ਤਲਾਬ ਪਾਣੀ ਨਾਲ ਭਰੇ ਹਨ ਤੇ ਦੂਜੇ ਪਾਸੇ ਮੱਛਰ ਵੀ ਪ੍ਰੇਸ਼ਾਨ ਕਰਦੇ ਹਨ। ਇਸ ਵਾਤਾਵਰਣਿਕ ਮਾਹੌਲ ਪਿਛੋਂ ਸਰਦ ਰੁੱਤ ਦੀ ਲੋੜ ਮਹਿਸੂਸ ਹੁੰਦੀ ਹੈ। ਉਸ ਸਰਦ ਰੁੱਤ ਲਈ ਅਸੁਨਿ ਤੇ ਕਤਿਕਿ ਤਿਆਰੀ ਦਾ ਸੂਚਕ ਹੈ।

ਕਿਸੇ ਵੀ ਵੱਡੇ ਕਾਰਜ ਦੀ ਆਰੰਭਤਾ ਤੋਂ ਹੀ ਉਸ ਦੇ ਚਕ੍ਰ-ਚਿਹਨ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸੇ ਤਰ੍ਹਾਂ ਜਿਥੇ ਪ੍ਰਭੂ ਦਾ ਪਿਆਰ ਵਸ ਜਾਂਦਾ ਹੈ ਪ੍ਰਮੇਸ਼ਰ ਨੇ ਆਪਣੀ ਹੋਂਦ ਦਾ ਅਹਿਸਾਸ ਹਿਰਦੇ ਵਿਚ ਕਰਵਾ ਦਿਤਾ ਹੈ ਉਸ ਦੀ ਮਨੋਦਸ਼ਾ ਬਦਲ ਜਾਂਦੀ ਹੈ। ਉਹ ਭਾਗਾਂ ਵਾਲੀਆਂ ਜੀਵ ਇਸਤਰੀਆਂ ਹਨ ਜਿਨ੍ਹਾਂ ਦੇ ਘਰ ਵਿਚ ਪ੍ਰਭੂ ਕੰਤ ਦਾ ਵਾਸਾ ਹੈ।

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥

ਭਾਵ *'ਸੈਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥ ਅੰਗ - ੧੩੨*

ਉਨ੍ਹਾਂ ਦੀ ਸੋਭਾ ਦੱਸੀ ਨਹੀਂ ਜਾ ਸਕਦੀ ਜੋ ਪ੍ਰਭੂ ਪਿਆਰੇ ਨਾਲ ਮਿਲ ਗਈਆਂ ਹਨ।

ਭਾਵ -

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥ *ਅੰਗ - ੨੭੨*

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ *ਅੰਗ - ੨੭੨*

ਆਤਮਾ, ਪ੍ਰਮਾਤਮਾ ਨਾਲ ਜੁੜ ਗਈ ਹੈ। ਉਸ ਦਾ ਅਨੰਦ ਉਹੀ ਜਾਣ ਸਕਦਾ ਹੈ। ਗੂੰਗੇ ਦੀ ਮਠਿਆਈ ਵਰਗੀ ਹਾਲਤ ਬਣ ਜਾਂਦੀ ਹੈ -

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥ *ਅੰਗ - ੩੩੪*

ਬਾਹਰਲੇ ਆਨੰਦਾਂ ਨੂੰ ਦੁਨੀਆਂ ਜਾਣਦੀ ਹੈ ਪਰ ਅੰਦਰਲਾ ਆਨੰਦ ਕੇਵਲ ਸਮਰੱਥ ਗੁਰੁ ਕੋਲ ਹੈ -

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਅੰਗ - ੯੧੭

ਐਸੀ ਅਵਸਥਾ ਆ ਜਾਂਦੀ ਹੈ -

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਅੰਗ- ੨੭੩

ਭਾਵ –

ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥

ਉਨ੍ਹਾਂ ਦੀ ਸੋਭਾ ਦੁਨੀਆਂ ਨਹੀਂ ਜਾਣ ਸਕਦੀ। ਵੈਸੇ ਵੀ – ***'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ (ਅੰਗ-੧੪੫)***

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥

ਇਥੇ ਤਨ ਤੇ ਮਨ ਦੋਹਾਂ ਦਾ ਜ਼ਿਕਰ ਹੈ। ਇਹ ਦੋਵੇਂ ਹੀ ਹਰੇ ਹੋ ਜਾਦੇ ਹਨ। ਇਨ੍ਹਾਂ ਦੋਨਾਂ ਵਿਚ ਫਲ ਤੇ ਫੁੱਲ ਲੱਗਣ ਲਗ ਪੈਂਦੇ ਹਨ। ਜਿਵੇਂ ਬਾਣੀ ਦਾ ਫੁਰਮਾਨ ਹੈ –

ਸਾ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ – ੩੧੦

ਤਨ ਦਾ ਧਰਮ ਹੈ ਸ਼ੁਭ ਕਰਮ – ਕਰਮ ਇੰਦਰੇ ਸ਼ੁਭ ਕਰਮਾਂ ਵਲ ਲਾਈ ਰੱਖਣੇ। ਅੱਖਾਂ ਵੇਖਦੀਆਂ ਜ਼ਰੂਰ ਹਨ ਪਰ ਦੇਖਣ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ –

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਅੰਗ – ੯੨੨

ਪਰ ਉਹ ਅੱਖਾਂ ਵਿਰਲੇ ਨੂੰ ਪ੍ਰਾਪਤ ਹਨ –

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥ ਅੰਗ – ੫੭੭

ਅੱਖਾਂ ਨੂੰ ਸਤਿ ਵਸਤੂ ਵੇਖਣ ਦੀ ਜਾਚ ਆ ਜਾਂਦੀ ਹੈ। ਕਿਉਂਕਿ ਸਮਰੱਥ ਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ ਹੈ –

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਅੰਗ – ੨੯੩
ਭਾਵ – ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥
ਅੰਗ- ੨੨੧

ਹੁਣ ਕੰਨਾਂ ਦੀ ਵਾਰੀ ਆਈ, ਕੰਨਾਂ ਨੂੰ ਵੀ ਸੁਣਨ ਦੀ ਜਾਚ ਆ ਗਈ – ***'ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥' (ਅੰਗ-੯੨੨)*** ਇਸੇ ਤਰ੍ਹਾਂ ਜ਼ੁਬਾਨ ਨੂੰ ਸਹੀ ਬੋਲਣਾ ਆ ਜਾਂਦਾ ਹੈ। ਪੈਰਾਂ ਨੂੰ ਸਹੀ ਰਸਤੇ 'ਤੇ ਚਲਣਾ ਆ ਜਾਂਦਾ ਹੈ –

ਰੇ ਜਿਹਬਾ ਕਰਉ ਸਤ ਖੰਡ ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ – ੧੧੬੩

ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ
ਜੀਉ ਪਇਆ ਤਉ ਸਰਣੀ ॥ ਅੰਗ- ੯੬੪

ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿ ਬਿੰਦ ॥ ਅੰਗ – ੨੮੧

ਹੱਥਾਂ ਦੀ ਸਫਲਤਾ ਦਾ ਪਤਾ ਲਗ ਜਾਂਦਾ ਹੈ। ਇਸੇ ਤਰ੍ਹਾਂ 'ਮਨ' ਦੀ ਵੀਚਾਰ ਹੈ। ਇਸ ਦਾ ਜ਼ਿਆਦਾ ਸਬੰਧ ਗਿਆਨ ਇੰਦਰਿਆਂ ਨਾਲ ਹੈ। ਮਨ ਵਿਚਾਰਾਂ ਦਾ ਸੰਗ੍ਰਹਿ ਹੈ। ਵੀਚਾਰਾਂ ਤੋਂ ਹੀ ਵਿਹਾਰ ਬਣਦਾ ਹੈ। ਜਦੋਂ ਪ੍ਰਭੂ ਦੇ ਪਿਆਰ ਵਿਚ ਰੱਤਿਆ ਗਿਆ ਤਾਂ ਇਹ ਦੋਵੇਂ ਤਨ ਤੇ ਮਨ ਮੌਲ ਜਾਂਦੇ ਹਨ। ਫਿਰ ਅਵਸਥਾ ਬਣ ਜਾਂਦੀ ਹੈ – ***'ਨਾਨਕ ਭਗਤਾ ਸਦਾ ਵਿਗਾਸੁ ॥' (ਅੰਗ-੨)***

ਭਾਵ –

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ – ੮੦੮

ਇਹ ਸਾਰਾ ਕੁਝ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ***'ਸੰਗਿ ਸਾਧ ਸਹੇਲੜੀਆਹ।*** ਮਿਲੇ ਹੋਏ ਹੀ ਮਿਲਾਪ ਕਰਾਉਣ ਦੇ ਸਮਰੱਥ ਹੁੰਦੇ ਹਨ। ਜਿਸ ਬਾਰੇ ਸਾਡੀ ਰੋਜ਼ਾਨਾ ਦੀ ਅਰਦਾਸ ਹੈ ਕਿ ***'ਸੇਈ ਪਿਆਰੇ ਮੇਲਿ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'***

ਭਾਵ –

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥
ਅੰਗ – ੭੦੧

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥ ਅੰਗ – ੭੫੭

ਕਿਉਂਕਿ ਸਾਧੂਆਂ ਦੀ ਸੰਗਤਿ ਵਿਚ ਉਸ ਦਾ ਆਪਣਾ ਵਾਸਾ ਹੁੰਦਾ ਹੈ –

ਮਿਲਿ ਸਤਸੰਗਤਿ ਖੋਜੁ ਦਸਾਈ
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ – ੯੪

ਤਾਂਹੀ ਮਹਾਰਾਜ ਫੁਰਮਾਨ ਕਦੇ ਹਨ ਕਿ ਸਾਧੂਆਂ ਦੀ ਸੰਗਤ ਤੋਂ ਬਿਨਾਂ ਜੀਵਨ ਅਸਫਲ ਹੈ –

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥

ਫਿਰ ਅਰਦਾਸ ਨਿਕਲਦੀ ਹੈ ਹੇ ਪ੍ਰਭੂ! –

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥

ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥
ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥
ਅੰਗ - ੨੪੩

ਭਾਵ ਹਨ੍ਹੇਰੀ ਰਾਤ (ਅਗਿਆਨਤਾ ਦੀ) ਵਿਚ ਇਹੋ ਜਿਹੀਆਂ ਜੀਵ ਇਸਤਰੀਆਂ ਇਕੱਲੀਆਂ ਰਹਿ ਜਾਂਦੀਆਂ ਹਨ। ਤਾਂਹੀ ਮਹਾਰਾਜ ਤਾਗੀਦ ਕਰਦੇ ਹਨ-

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨

ਫਿਰ ਉਨ੍ਹਾਂ ਦਾ ਭਵਿੱਖ ਇਸ ਤਰ੍ਹਾਂ ਦਾ ਹੋ ਜਾਂਦਾ ਹੈ -

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥

ਭਾਵ ਪ੍ਰਭੂ ਦੇ ਵਿਛੋੜੇ ਦਾ ਦੁਖ ਕਦੇ ਨਹੀਂ ਉਤਰਦਾ। ਵਿਕਾਰਾਂ ਰੂਪੀ ਜਮਾਂ ਦੀ ਗ੍ਰਿਫਤ ਵਿਚ ਆ ਕੇ ਜੀਵਨ ਬਿਰਥਾ ਚਲਾ ਜਾਂਦਾ ਹੈ। ਪ੍ਰਭੂ ਦੇ ਮਿਲਾਪ ਦਾ ਮਾਹੌਲ ਨਹੀਂ ਬਣਦਾ ਸਗੋਂ ਵਿਛੋੜਾ ਪਿਆ ਰਹਿੰਦਾ ਹੈ। ਵਿਛੋੜੇ ਦਾ ਦੁਖ ਸਭ ਤੋਂ ਵੱਡਾ ਦੁਖ ਗੁਰਬਾਣੀ ਵਿਚ ਮੰਨਿਆ ਗਿਆ ਹੈ -

ਦੁਖੁ ਵੇਛੋੜਾ ਇਕੁ ਦੁਖੁ ਭੂਖ ॥
ਇਕੁ ਦੁਖੁ ਸਕਤਵਾਰ ਜਮਦੂਤ ॥ ਅੰਗ - ੧੨੫੬

ਪਰ ਇਸ ਦੇ ਵਿਪਰੀਤ ਜਿਹੜੀਆਂ ਜੀਵ ਇਸਤਰੀਆਂ ਦਾ ਮਿਲਾਪ ਹੋ ਗਿਆ ਹੈ, ਉਹ ਭਾਗਾਂ ਵਾਲੀਆਂ ਹਨ -

ਜਿਨੀ ਰਾਵਿਆ ਪ੍ਰਭੁ ਆਪਣਾ
ਸੇ ਦਿਸਨਿ ਨਿਤ ਖੜੀਆਹ ॥

ਉਹ ਵਿਕਾਰਾਂ ਤੋਂ ਸੁਚੇਤ ਹਨ।

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥

ਪ੍ਰਮਾਤਮਾ ਦੀ ਸਿਫਤ-ਸਲਾਹ ਰੂਪੀ ਰਤਨ ਜਵਾਹਰ ਲਾਲ ਉਨ੍ਹਾਂ ਕੋਲ ਹੁੰਦੇ ਹਨ -

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫

ਸ਼ੁਭ ਗੁਣਾਂ ਦਾ ਉਨ੍ਹਾਂ ਦੇ ਗਲ ਵਿਚ ਹਾਰ ਪਿਆ ਸੋਭਦਾ ਹੈ।

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥

ਉਨ੍ਹਾਂ ਦੀ ਚਰਨ ਧੂੜ ਦੀ ਲੋਚਾ ਹੈ ਜੋ ਪ੍ਰਭੂ ਦੇ ਚਰਨ ਸ਼ਰਨ ਵਿਚ ਰਹਿੰਦੇ ਹਨ। ਭਾਵ -

ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ ॥ ਅੰਗ - ੧੪੨੪

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥

ਉਸ ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ, ਉਸ ਨੂੰ ਅਰਾਧਨ ਨਾਲ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਭਾਵ -

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਅੰਗ - ੫੧੭

ਅਰਥਾਤ-

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅੰਗ - ੯੪੦

ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥
ਅੰਗ - ੧੩੯੨

ਇਸੇ ਤਰ੍ਹਾਂ ਗੁਰੂ ਦੀ ਦਰਗਾਹ ਵਿਚ ਵਾਸਾ ਪ੍ਰਾਪਤ ਹੋ ਜਾਂਦਾ ਹੈ ਅਤੇ ਸਦਾ ਦਾ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।

'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।

2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।

3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

(ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਖਸ਼ੇ ਹੁਕਮਨਾਮੇ ਦੀ ਰੋਸ਼ਨੀ ਵਿਚ, ਮਹਾਂਪੁਰਸ਼ਾਂ ਵਲੋਂ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹਿ।

ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਨਾਲ ਹਰੀ ਦਾ ਜਸ ਪ੍ਰਾਪਤ ਹੋਇਆ, ਪੁੰਨ ਕਰਮ ਜਾਗਣ ਦਾ ਸਮਾਂ ਆ ਬਣੇ ਤਾਂ ਸਭ ਤੋਂ ਉੱਤਮ ਚੀਜ਼ ਜੋ ਸੰਸਾਰ ਵਿਚ ਹੈ ਉਹ ਪ੍ਰਾਪਤ ਹੋਇਆ ਕਰਦੀ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਇਸ ਸ਼ਬਦ ਦੇ ਅੰਦਰ, ਜਿਸ ਵਿਚ ਬਹੁਤ ਸਾਧਨ ਗਿਣੇ ਨੇ –

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥
ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥ ੨ ॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥ ੩ ॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥ ੪ ॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥ ੫ ॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥ ੬ ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ ॥ ੭ ॥ ਅੰਗ- ੬੪੧-੪੨

ਇਸ ਸ਼ਬਦ ਵਿਚ ਗੁਰੂ ਮਹਾਰਾਜ ਜੀ ਨੇ ਬਹੁਤ ਸਾਰੇ ਸਾਧਨਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਆਮ ਤੌਰ ਤੇ ਉਸ ਸਮੇਂ ਜੀਵ ਨੂੰ ਮਾਇਆ ਤੋਂ ਛੁਡਾਉਣ ਵਾਸਤੇ ਅਤੇ ਵਾਹਿਗੁਰੂ ਦੇ ਮੰਡਲ ਵਿਚ ਪਹੁੰਚਾਉਣ ਵਾਸਤੇ ਪ੍ਰਚਲਿਤ ਸਨ, ਜਿਨ੍ਹਾਂ ਦੇ ਵਿਚੋਂ ਧਰਮ ਪੁਸਤਕਾਂ ਦੇ, ਵੇਦਾਂ ਦੇ, ਸ਼ਾਸਤਰਾਂ ਦੇ, ਮਹਾਂਭਾਰਤ, ਰਾਮਾਇਣ ਆਦਿ ਦੇ ਜਾਂ ਹੋਰ ਧਰਮ ਗ੍ਰੰਥਾਂ ਦੇ ਲਗਾਤਾਰ ਪਾਠ ਕਰਨੇ ਜਾਂ ਸੁਣਨੇ, ਵੇਦਾਂ ਦੀ ਵਿਚਾਰ ਸਰਵਣ ਕਰਨੀ, ਪ੍ਰਚਲਿਤ ਸਨ। ਸਮਾਂ ਲੰਘ ਜਾਣ ਦੇ ਨਾਲ ਹਰ ਧਰਮ ਵਿਚ ਐਸੀਆਂ ਗੱਲਾਂ ਆਮ ਹੀ ਹੋ ਜਾਇਆ ਕਰਦੀਆਂ ਹਨ ਅਤੇ ਉਨ੍ਹਾਂ ਕਰਮਾਂ ਨੂੰ ਅਸੀਂ ਬਿਲਕੁਲ ਜਾਇਜ਼ ਬਣਾ ਲੈਂਦੇ ਹਾਂ ਕਿਉਂਕਿ ਉਨ੍ਹਾਂ ਵਿਚ ਅਸਾਡੀ ਕੋਈ ਗੱਲ ਛੁਪੀ ਹੁੰਦੀ ਹੈ। ਅਸੀਂ ਵਾਸ਼ਨਾ ਪੂਰੀ ਕਰਨੀ ਚਾਹੁੰਦੇ ਹਾਂ, ਅਸਾਨੂੰ ਦਸਿਆ ਹੁੰਦਾ ਹੈ ਕਿ ਤੁਸੀਂ ਫਲਾਣੀ-ਫਲਾਣੀ ਵਿਧੀ ਅਨੁਸਾਰ ਪਾਠ ਕਰਾਓ, ਇਨ੍ਹਾਂ ਦਾ ਜੋ ਫਲ ਹੁੰਦਾ ਹੈ ਉਹ ਤਾਂ ਪ੍ਰਾਪਤ ਹੋਣਾ ਹੀ ਹੈ ਕਿਉਂਕਿ ਹਰ ਥਾਂ ਉਪਰ ਸ਼ਰਧਾ ਕੰਮ ਕਰਦੀ ਹੈ ਪਰ ਜੇ ਕਿਸੇ ਦਾ ਇਹ ਵਿਚਾਰ ਹੈ ਕਿ ਕੇਵਲ ਪਾਠ ਕਰਨ ਨਾਲ, ਲਗਾਤਾਰ ਪਾਠ ਸੁਣਨ ਨਾਲ, ਮੈਨੂੰ ਅੰਦਰਲੀ ਅਵਸਥਾ ਪ੍ਰਾਪਤ ਹੋ ਜਾਵੇਗੀ, ਉਸ ਗੱਲ ਨੂੰ ਗੁਰੂ ਮਹਾਰਾਜ ਜੀ ਪ੍ਰਵਾਨ ਨਹੀਂ ਕਰਦੇ ਕਿਉਂਕਿ ਜਦੋਂ ਤਕ ਆਦਮੀ ਆਪਣੀ ਅੰਦਰਲੀ ਸੋਧ ਨਹੀਂ ਕਰਦਾ, ਸਮ ਤੇ ਦਮ ਦੀਆਂ ਦਸ-ਦਸ ਰਹਿਤਾਂ ਨੂੰ ਆਪਣੇ ਜੀਵਨ ਵਿਚ ਧਾਰਨ ਨਹੀਂ ਕਰਦਾ ਉਨੀਂ ਦੇਰ ਤਕ ਅੰਦਰ ਪ੍ਰਕਾਸ਼ ਨਹੀਂ ਹੋਇਆ ਕਰਦਾ ਕਿਉਂਕਿ ਆਪਣੇ ਆਪ ਨੂੰ ਜੋੜਾਂਗੇ ਉਸ ਵੇਲੇ ਅਸਾਡੇ ਵਿਚੋਂ ਆਸੁਰੀ ਸੰਪਰਦਾਵਾਂ

ਦੇ ਮਹਾਨ ਯੋਧੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ, ਆਸਾ, ਅੰਦੇਸਾ, ਡਰ, ਨਫਰਤ, ਪਾਖੰਡ ਆਦਿ ਦੇ ਗਹਿਰੇ ਅਸਰ ਦੂਰ ਹੋਣੇ ਸ਼ੁਰੂ ਹੋ ਜਾਣਗੇ ਅਤੇ ਅਸਾਡਾ ਚਿੱਤ ਨਾਮ ਸਿਮਰਨ ਵਿਚ ਲੱਗੇਗਾ ਅਤੇ ਸਤਿਸੰਗ ਦਾ ਪਿਆਰ ਅਸਾਡੇ ਹਿਰਦੇ ਵਿਚ ਪ੍ਰਾਪਤ ਹੋ ਜਾਵੇਗਾ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਪਾਠ ਪੜ੍ਹਨ ਅਤੇ ਧਰਮ ਪੁਸਤਕਾਂ ਆਦਿ ਵਿਚਾਰ ਕਰਨ ਦਾ ਫਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲੋਂ ਸੰਗ ਛੱਡਣਾ ਹੋਣਾ ਚਾਹੀਦਾ ਹੈ ਪਰ ਇਸ ਦੇ ਵਿਪਰੀਤ ਮਨ ਵਿਚ ਆਉਂਦਾ ਹੈ ਕਿ ਮੈਂ ਪਾਠ ਪੜ੍ਹਦਾ ਹਾਂ, ਧਰਮ ਬਾਣੀ ਦੀ ਵਿਚਾਰ ਕਰਦਾ ਹਾਂ, ਉਸ ਦੀ ਕਥਾ ਕਰਦਾ ਹਾਂ, ਸਰੋਤੇ ਮੇਰੇ ਬਚਨ ਸੁਣ ਕੇ ਮਸਤ ਹੋ ਜਾਂਦੇ ਹਨ। ਗੁਰੂ ਮਹਾਰਾਜ ਜੀ ਇਸ ਕਰਮ ਨੂੰ ਕੋਈ ਮਹੱਤਤਾ ਨਹੀਂ ਦਿੰਦੇ, ਉਹ ਕੇਵਲ ਇਸ ਕ੍ਰਿਆ ਨੂੰ ਹਉਮੈ ਦੀ ਉਪਜ ਜਣਾਉਂਦੇ ਹਨ। ਯੋਗ ਸਾਧਨ ਕਰਨ ਵੇਲੇ ਨਿਉਲੀ ਕਰਮ ਆਦਿ ਭੁਯੰਗਮ ਨਾੜੀ ਨੂੰ ਸੋਧਣ ਆਦਿ ਦੀ ਕ੍ਰਿਆ ਬਾਰੇ ਵੀ ਇਸੇ ਤਰ੍ਹਾਂ ਦਸਦੇ ਹਨ ਕਿਉਂਕਿ ਜੋਗੀਆਂ ਦੇ ਛੇ ਮੁੱਖ ਸਾਧਨ ਹੋਇਆ ਕਰਦੇ ਹਨ ਜਿਵੇਂ ਕਿ ਧੋਤੀ, ਨੇਤੀ, ਬਸਤੀ, ਨਿਵਲੀ, ਤ੍ਰਾਟਕ, ਕਪਾਲਭਾਤੀ ਆਦਿ ਹੁੰਦੇ ਹਨ। ਇਸੇ ਤਰ੍ਹਾਂ ਨਾਲ ਰੀੜ੍ਹ ਦੀ ਹੱਡੀ ਦੇ ਸਿਰੇ ਤੇ ਇਕ ਭੁਜੰਗਾ ਨਾੜੀ ਸੱਪ ਦੇ ਮੂੰਹ ਵਾਂਗ ਮੂਲਧਾਰ ਚੱਕਰ ਹੇਠਾਂ ਸੁਖਮਨਾ ਉਸ ਨਾੜੀ ਨੂੰ ਰੋਕੀ ਬੈਠੀ ਹੈ ਜੇ ਇਹ ਨਾੜੀ ਖੁਲ੍ਹ ਜਾਵੇ ਜੋ ਆਮ ਤੌਰ ਉਪਰ ਸਵਾਸਾਂ ਦੀ ਗਰਮੀ ਨਾਲ ਖੁਲ੍ਹਦੀ ਹੈ ਤਾਂ ਕੁੰਡਲਨੀ ਸ਼ਕਤੀ ਉਦੈ ਹੋ ਜਾਂਦੀ ਹੈ। ਇਹ ਨਾੜੀ ਛੇ ਚੱਕਰ ਬਣਾਉਂਦੀ, ਦਸਵੇਂ ਦੁਆਰ ਵਿਚ ਪਹੁੰਚਦੀ ਹੈ। ਇਹ ਸਾਰੇ ਚੱਕਰ ਸਵਾਸਾਂ ਦੇ ਬਲ ਨਾਲ ਖੁਲ੍ਹਦੇ ਚਲੇ ਜਾਂਦੇ ਹਨ ਪਰ ਅੱਜਕਲ੍ਹ ਦੀ ਸਥਿਤੀ ਵਿਚ ਜਦੋਂ ਕਿ ਆਦਮੀ ਦਾ ਆਚਾਰ, ਵਿਹਾਰ ਤੇ ਖੁਰਾਕ ਸ਼ੁੱਧ ਨਹੀਂ ਇਹ ਸਾਧਨ ਬਿਲਕੁਲ ਹੋ ਹੀ ਨਹੀਂ ਸਕਦਾ। ਜੇ ਇਕ ਹਜ਼ਾਰ ਬੰਦਾ ਕਰਨ ਲੱਗੇ ਤਾਂ 999 ਨੂੰ ਅਜਿਹੀਆਂ ਬਿਮਾਰੀਆਂ ਲਗ ਜਾਣਗੀਆਂ, ਜੋ ਲਾ-ਇਲਾਜ ਕਹਾਉਂਦੀਆਂ ਹਨ। ਗੁਰੂ ਮਹਾਰਾਜ ਜੀ ਦੇ ਸਮੇਂ ਇਹ ਕਰਮ ਪ੍ਰਚਲਿਤ ਹੋਇਆ ਕਰਦੇ ਸੀ ਉਨ੍ਹਾਂ ਕਰਮਾਂ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਬਹੁਤ ਵਿਸਥਾਰ ਨਾਲ ਫੁਰਮਾਨ ਕੀਤਾ ਹੈ -

ਕਿਨਹੀ ਕੀਆ ਪਰਵਿਰਤਿ ਪਸਾਰਾ ॥
ਕਿਨਹੀ ਕੀਆ ਪੂਜਾ ਬਿਸਥਾਰਾ ॥
ਕਿਨਹੀ ਨਿਵਲ ਭੁਇਅੰਗਮ ਸਾਧੇ ॥
ਮੋਹਿ ਦੀਨ ਹਰਿ ਹਰਿ ਆਰਾਧੇ ॥ ੧ ॥
ਤੇਰਾ ਭਰੋਸਾ ਪਿਆਰੇ ॥
ਆਨ ਨ ਜਾਨਾ ਵੇਸਾ ॥ ੧ ॥ ਰਹਾਉ ॥
ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ ॥
ਕਿਨਹੀ ਮੋਨਿ ਅਉਧੂਤੁ ਸਦਾਇਆ ॥
ਕੋਈ ਕਹਤਉ ਅਨੰਨਿ ਭਗਉਤੀ ॥
ਮੋਹਿ ਦੀਨ ਹਰਿ ਹਰਿ ਓਟ ਲੀਤੀ ॥ ੨ ॥
ਕਿਨਹੀ ਕਹਿਆ ਹਉ ਤੀਰਥ ਵਾਸੀ ॥
ਕੋਈ ਅੰਨੁ ਤਜਿ ਭਇਆ ਉਦਾਸੀ ॥
ਕਿਨਹੀ ਭਵਨੁ ਸਭ ਧਰਤੀ ਕਰਿਆ ॥
ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥ ੩ ॥
ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥
ਕਿਨਹੀ ਕਹਿਆ ਬਾਹ ਬਹੁ ਭਾਈ ॥
ਕੋਈ ਕਹੈ ਮੈ ਧਨਹਿ ਪਸਾਰਾ ॥
ਮੋਹਿ ਦੀਨ ਹਰਿ ਹਰਿ ਆਧਾਰਾ ॥ ੪ ॥
ਕਿਨਹੀ ਘੂਘਰ ਨਿਰਤਿ ਕਰਾਈ ॥
ਕਿਨਹੂ ਵਰਤ ਨੇਮ ਮਾਲਾ ਪਾਈ ॥
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥ ੫ ॥
ਕਿਨਹੀ ਸਿਧ ਬਹੁ ਚੇਟਕ ਲਾਏ ॥
ਕਿਨਹੀ ਭੇਖ ਬਹੁ ਥਾਟ ਬਨਾਏ ॥
ਕਿਨਹੀ ਤੰਤ ਮੰਤ ਬਹੁ ਖੇਵਾ ॥
ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥ ੬ ॥
ਕੋਈ ਚਤੁਰੁ ਕਹਾਵੈ ਪੰਡਿਤ ॥
ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥
ਕੋਈ ਕਰੈ ਆਚਾਰ ਸੁਕਰਣੀ ॥ ਮੋਹਿ
ਦੀਨ ਹਰਿ ਹਰਿ ਹਰਿ ਸਰਣੀ ॥ ੭ ॥
ਸਗਲੇ ਕਰਮ ਧਰਮ ਜੁਗ ਸੋਧੇ ॥
ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥
ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ ੮ ॥ ੧ ॥

ਅੰਗ - ੯੧੨-੧੩

ਸੋ ਮਹਾਰਾਜ ਜੀ ਕਰਮਕਾਂਡ ਨੂੰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਨਾਮ ਤੋਂ ਬਗੈਰ ਇਹ ਕਰਮਕਾਂਡ ਵਾਹਿਗੁਰੂ ਤਕ ਨਹੀਂ ਪਹੁੰਚਾ ਸਕਿਆ ਕਰਦੇ। ਇਹ ਅਭਿਮਾਨ ਧਾਰਿਆਂ ਬਿਫਲ ਹੋ ਜਾਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

ਅੰਗ- ੧੪੨੯

ਮਹਾਰਾਜ ਜੀ ਫੁਰਮਾਨ ਕਰਦੇ ਹਨ -

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥

ਅੰਗ - ੬੪੧

ਲੰਮੀ ਚੁੱਪ ਧਾਰਨ ਨਾਲ ਕਰਪਾਤੀ ਬਿਰਤੀ (ਹੱਥਾਂ ਨੂੰ ਹੀ ਭਾਂਡੇ ਬਣਾ ਕੇ ਖਾਣਾ-ਪੀਣਾ, ਕੋਈ ਭਾਂਡਾ ਨਾ ਵਰਤਣਾ) ਧਾਰਨ ਕਰਨ ਨਾਲ, ਜੰਗਲਾਂ ਦੇ ਵਿਚ ਨਗਨ ਫਿਰਨ ਨਾਲ, ਤੀਰਥਾਂ ਦੇ ਉਪਰ ਘੁੰਮਦਿਆਂ, ਇਸ਼ਨਾਨ ਕਰਨ ਨਾਲ, ਦ੍ਵੈਤ ਭਾਵ ਖਤਮ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਨਾਲ ਤੀਰਥ ਤੇ ਜਾ ਕੇ ਵਸਣਾ ਅਤੇ ਇਹ ਆਸ ਰੱਖਣੀ ਕਿ ਮੈਂ ਪਵਿੱਤਰ ਗੰਗਾ ਵਰਗੇ ਤੀਰਥ ਦੇ ਕਿਨਾਰੇ ਵਸ ਰਿਹਾ ਹਾਂ ਅਤੇ ਹਰ ਰੋਜ਼ ਇਸ਼ਨਾਨ ਕਰ ਰਿਹਾ ਹਾਂ ਇਸ ਨਾਲ ਮੇਰੀ ਮੁਕਤੀ ਹੋ ਜਾਵੇਗੀ, ਇਹ ਖਿਆਲ ਪ੍ਰਚਲਤ ਸੀ ਜਿਸ ਬਾਰੇ ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ -

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ ॥ *ਅੰਗ- ੧੩੬੭*

ਸੋ ਮਨ ਦੀ ਕਾਮਨਾ ਅਨੁਸਾਰ ਤੀਰਥਾਂ ਤੇ ਜਾ ਕੇ ਵਸਣਾ ਅਤੇ ਸਿਰ ਆਰੇ ਨਾਲ ਕਟਵਾ ਲੈਣਾ ਮੁਕਤੀ ਨਹੀਂ ਦਿਆ ਕਰਦਾ। ਪਿਛਲੇ ਸਮਿਆਂ ਦੇ ਅੰਦਰ ਇਹ ਇਕ ਵਿਸ਼ਵਾਸ਼ ਸੀ ਕਿ ਗੰਗਾ ਤੇ ਜਾ ਕੇ, ਕਾਸ਼ੀ ਵਿਚ ਜਾ ਕੇ ਆਰੇ ਦੇ ਨਾਲ ਸਰੀਰ ਕਟਵਾਉਣ ਨਾਲ ਮੁਕਤੀ ਹੋ ਜਾਂਦੀ ਹੈ। ਇਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਿਰ ਉਤੇ ਆਰਾ ਧਰਾਉਣ ਨਾਲ ਮਨ ਦੀ ਮੈਲ ਨਹੀਂ ਲਹਿਆ ਕਰਦੀ। ਮਨ ਵਿਚ ਹਉਮੈ ਦੀ ਮੈਲ ਨਾਲ ਅੰਤਸ਼ਕਰਣ ਭਰਿਆ ਹੋਇਆ ਹੈ ਗਿਆਨ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਦਾਨ ਦੇ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਇਸਤ੍ਰੀ, ਸੋਨਾ, ਚੰਗੇ ਘੋੜੇ, ਹਾਥੀ ਅਤੇ ਬਹੁਤ ਤਰ੍ਹਾਂ ਦਾ ਦਾਨ ਦਿਤਾ ਅਤੇ ਅਨਾਜ, ਕੱਪੜੇ, ਜ਼ਮੀਨ ਬਹੁਤ-ਬਹੁਤ ਦਿਤੀ ਪਰ ਹਰੀ ਦੇ ਦਰਵਾਜ਼ੇ ਤੇ ਪਹੁੰਚਣਾ ਨਾ ਮਿਲਿਆ। ਪੂਜਾ, ਚੰਦਨ ਛਿੜਕਣਾ, ਡੰਡੇ ਵਾਂਗ ਲੰਮੇ ਪੈ ਕੇ ਨਮਸਕਾਰਾਂ ਕੀਤੀਆਂ ਅਤੇ ਛੇ ਕਰਮਾਂ ਵਿਚ ਲੱਗਿਆ ਰਿਹਾ ਜਿਨ੍ਹਾਂ ਵਿਚ ਵੇਦ ਪੜ੍ਹਨੇ ਤੇ ਪੜ੍ਹਾਉਣੇ, ਦਾਨ ਦੇਣਾ ਤੇ ਦਾਨ ਲੈਣਾ, ਜੱਗ ਕਰਨਾ ਤੇ ਕਰਾਉਣਾ ਸ਼ਾਮਲ ਹਨ, ਇਹ ਕਰਮ ਮਨ ਵਿਚ ਅਹੰਕਾਰ ਪੈਦਾ ਕਰ ਦਿੰਦੇ ਹਨ, ਹਰੀ ਦਾ ਮੇਲ ਨਹੀਂ ਹੁੰਦਾ। ਇਸ ਤੋਂ ਵੱਧ 84 ਆਸਣ ਯੋਗ ਦੇ ਸਿੱਧਾਂ ਤੋਂ ਸਿੱਖੇ, ਪ੍ਰਾਣਾਂ ਨੂੰ ਰੋਕ-ਰੋਕ ਕੇ ਲੰਮੀ ਉਮਰ ਕਰ ਲਈ ਪਰ ਮਨ ਦੀ ਮੈਲ ਨਾ ਉਤਰਨ ਕਰਕੇ ਪਰਮੇਸ਼ਰ ਦਾ ਦੀਦਾਰ ਨਾ ਹੋਇਆ, ਬਾਰ-ਬਾਰ ਜੂਨਾਂ ਵਿਚ ਘੁੰਮਦਾ ਫਿਰਿਆ, ਰਾਜਿਆਂ ਦੇ ਚੋਜ ਅਤੇ ਸਾਮਾਨ ਅਤੇ ਹੰਕਾਰੀ ਹੋ ਕੇ ਹਕੂਮਤ ਕੀਤੀ, ਸੋਹਣੀਆਂ ਸੇਜਾਂ ਉਤੇ ਸੁੱਤੇ, ਚੰਦਨ ਤੇ ਅਤਰ ਮਲੇ ਪਰ ਅੰਤ ਹਨ੍ਹੇਰੇ ਨਰਕ ਦਾ ਦੁਆਰਾ ਹੀ ਮਿਲਿਆ। ਸੋ ਅੰਤ ਵਿਚ ਆਪ ਫੈਸਲਾ ਦਿੰਦੇ ਹਨ ਕਿ ਸਾਰਿਆਂ ਤੋਂ ਸ਼੍ਰੋਮਣੀ ਕਰਮ, ਜੋ ਪ੍ਰਭੂ ਦੇ ਦੁਆਰੇ ਪਹੁੰਚਾਉਂਦਾ ਹੈ, ਉਹ ਹਰੀ ਦਾ ਕੀਰਤਨ ਅਤੇ ਸਾਧੂ ਦੀ ਸੰਗਤ ਦੀ ਪ੍ਰਾਪਤੀ ਹੈ। ਪਰ ਇਹ ਭਾਗਾਂ ਤੋਂ ਹੀਣਿਆਂ ਨੂੰ ਪ੍ਰਾਪਤ ਨਹੀਂ ਹੁੰਦੀ ਸਿਰਫ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦੇ ਮਸਤਕ ਵਿਚ ਧੁਰ ਦਰਗਾਹ ਤੋਂ ਇਹ ਮੇਲ ਲਿਖਿਆ ਹੋਵੇ।

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥
ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥
ਰਹਾਉ ਦੂਜਾ ॥ ੧ ॥ ੩ ॥ *ਅੰਗ - ੬੪੨*

ਸੋ ਇਸ ਕਰਕੇ ਮੈਂ ਬੇਨਤੀ ਕੀਤੀ ਹੈ ਕਿ ਆਪ ਸਾਰੇ ਪ੍ਰੇਮੀ ਦੂਰ-ਦਰਾਜ਼ ਤੋਂ ਕੜਾਕੇ ਦੀ ਸਰਦੀ ਦੀ ਪ੍ਰਵਾਹ ਨਾ ਕਰਦਿਆਂ, ਧੁੰਦ ਦੀ ਪ੍ਰਵਾਹ ਨਾ ਕਰਦਿਆਂ ਅੰਮ੍ਰਿਤ ਵੇਲੇ ਦੋ ਵਜੇ ਤੋਂ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਤਿੰਨ ਘੰਟੇ ਤੋਂ ਇਕ ਮਹਾਨ ਰਸ ਭੁੰਚਿਤ ਕਰ ਰਹੇ ਹੋਂ, ਇਹ ਕਰਮ ਗੁਰੂ ਜੀ ਦੇ ਫੁਰਮਾਨ ਦੇ ਮੁਤਾਬਿਕ ਸਭ ਤੋਂ ਸ਼੍ਰੋਮਣੀ ਕਰਮ ਹੈ ਇਸ ਸ਼੍ਰੋਮਣੀ ਕਰਮ ਦੇ ਕਰਨ ਨਾਲ ਅਸੀਂ ਭਵਜਲ ਤਰ ਜਾਂਦੇ ਹਾਂ। ਅਸਾਡਾ ਮਾਨਸ ਜਨਮ ਧਾਰ ਕੇ ਭਵਜਲ ਤੋਂ ਤਰਨ ਦਾ ਮੁੱਖ ਪ੍ਰਸ਼ਨ ਹੈ ਪਰ ਸੰਸਾਰ ਦੇ ਵਿਚ ਐਸੇ ਬੰਦੇ ਵੀ ਹਨ ਜਿਨ੍ਹਾਂ ਨੂੰ ਭਾਵੇਂ ਲੱਖ ਵਾਰੀ ਦੱਸੋ ਤਾਂ ਵੀ ਸੋਝੀ ਨਹੀਂ ਪੈਂਦੀ ਕਿਉਂਕਿ ਉਹ ਗੁਰੂ ਦੀ ਮੱਤ ਧਾਰਨ ਨਹੀਂ ਕਰਦੇ, ਆਪਣੀ ਮੱਤ ਵਿਚ ਹੀ ਗੁਲਤਾਨ ਹੋ ਕੇ ਜੀਵਨ ਗੁਜ਼ਾਰਦੇ ਹਨ -

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ
ਸੇ ਦਰਗਹ ਓਗਾਹਾ ॥ *ਅੰਗ - ੧੩੮੩*

ਇਕ ਬੇਪਰਵਾਹ ਫਿਰਦੇ ਨੇ ਜਿਨ੍ਹਾਂ ਨੂੰ ਏਸ ਗੱਲ ਦਾ ਗਿਆਨ ਤਕ ਨਹੀਂ ਹੈ ਤੇ ਸੋਝੀ ਨਹੀਂ ਹੈ ਕਿ ਸੰਸਾਰ ਵਿਚੋਂ ਜਦੋਂ ਜਾਣਾ ਹੈ ਤਾ ਕਿਥੇ ਜਾਣਾ ਹੈ, ਅਸਾਡੇ ਨਾਲ ਕੀ ਵਰਤਾਰਾ ਹੋਏਗਾ, ਉਹ ਵਿਚਾਰ ਹੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੀ ਬੁੱਧੀ ਮੂਰਛਤ ਹੋਈ-ਹੋਈ ਹੈ। ਗੁਰੂ ਮਹਾਰਾਜ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਠਗਮੂਰੀ ਬੂਟੀ ਦਾ ਬਾਰ-ਬਾਰ

ਜ਼ਿਕਰ ਕਰਦੇ ਹਨ ਕਿ ਮਾਇਆ ਨੇ ਸੰਸਾਰ ਨੂੰ ਠਗਮੂਰੀ ਬੂਟੀ ਸੁੰਘਾ ਦਿਤੀ ਹੈ। ਜਿਸ ਤਰ੍ਹਾਂ ਨਾਲ ਚੋਰ ਘਰ ਵਿਚ ਵੜ ਜਾਂਦੇ ਹਨ ਅਤੇ ਬੇਧੜਕ ਹੋ ਸਮਾਨ ਲੁੱਟ ਲੈਂਦੇ ਹਨ। ਘਰ ਵਿਚ ਖੜਕਾ ਵੀ ਹੁੰਦਾ ਹੈ ਪਰ ਸਾਰਾ ਪਰਿਵਾਰ ਬੇਹੋਸ਼ ਪਿਆ ਹੁੰਦਾ ਹੈ ਤੇ ਚੋਰਾਂ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਨੂੰ ਤਾਂ ਹੁਣ ਸਵੇਰੇ ਜਾਗ ਆਉਣੀ ਹੈ। ਇਸੇ ਤਰ੍ਹਾਂ ਨਾਲ ਮਾਇਆ ਨੇ ਵਿਸ਼ਿਆਂ ਦੀ ਠਗਮੂਰੀ ਬੂਟੀ ਜੀਵਾਂ ਨੂੰ ਸੁੰਘਾ ਦਿਤੀ ਹੈ ਉਹ ਲੁੱਟੇ ਜਾ ਰਹੇ ਹਨ, ਸਾਰੇ ਪਹਿਰੇਦਾਰ ਸੌਂ ਗਏ ਹਨ –

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥ ੨ ॥
ਉਨ ਤੇ ਰਾਖੈ ਬਾਪੁ ਨ ਮਾਈ ॥
ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥
ਸਾਧਸੰਗਿ ਓਇ ਦੁਸਟ ਵਸਿ ਹੋਤੇ ॥ *ਅੰਗ – ੧੯੨*

ਸਾਧੂ ਦੀ ਸੰਗਤ ਪ੍ਰਾਪਤ ਹੋਏ ਬਿਨਾਂ ਇਹ ਠਗਮੂਰੀ ਬੂਟੀ ਦਾ ਬੇਹੋਸ਼ ਕਰਨ ਵਾਲਾ ਅਸਰ ਨਹੀਂ ਲਹਿਆ ਕਰਦਾ। ਸੋ ਇਸ ਤਰ੍ਹਾਂ ਨਾਲ ਮੰਦ ਭਾਗੇ ਬੰਦਿਆਂ ਦੀ ਬੁੱਧੀ ਇਸੇ ਠਗਮੂਰੀ ਨੇ ਭ੍ਰਿਸ਼ਟ ਕਰ ਦਿਤੀ, ਮਾਇਆ ਦੇ ਨਸ਼ੇ ਵਿਚ ਆ ਕੇ ਉਸ ਨੇ ਸੋਚਣਾ ਛੱਡ ਦਿਤਾ, ਸਿਰਫ ਮਾਇਆ ਦੇ ਬਾਰੇ, ਦ੍ਰਿਸ਼ਟਮਾਨ ਦੇ ਬਾਰੇ ਸੋਚਦੀ ਹੈ ਅਦ੍ਰਿਸ਼ ਬਾਰੇ ਇਸ ਨੂੰ ਕੋਈ ਗਿਆਨ ਨਹੀਂ ਹੈ, ਨਾ ਗਿਆਨ ਹੋਣ ਕਰਕੇ ਇਹ ਬੇਪਰਵਾਹ ਰਹਿੰਦਾ ਹੈ। ਇਨ੍ਹਾਂ ਜੀਵਾਂ ਨੂੰ ਨਹੀਂ ਪਤਾ ਕਿ ਅੱਗੇ ਕੀ ਹਾਲ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ –

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ
ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥
ਅੰਗ – ੧੩੮੩

ਸੋ ਭਵਿੱਖ ਵਿਚ ਜੋ ਵਰਤਾਰਾ ਹੋਣਾ ਹੈ ਉਸ ਦੇ ਬਾਰੇ ਇਨ੍ਹਾਂ ਦੀ ਨਿੰਦਰਾ ਬਿਰਤੀ ਇਨ੍ਹਾਂ ਨੂੰ ਜਾਗ ਵਿਚ ਨਹੀਂ ਆਉਣ ਦਿੰਦੀ। ਜੀਵ ਦਾ ਸਾਰਾ ਸਮਾਂ ਨਿੰਦਰਾ ਬਿਰਤੀ ਵਿਚ ਲੰਘ ਜਾਂਦਾ ਹੈ, ਮਾਇਆ ਦਾ ਮੋਹਿਆ ਹੋਇਆ ਇਸ ਨੂੰ ਪਤਾ ਨਹੀਂ ਹੈ ਕਿ ਸੰਸਾਰ ਵਿਚ ਆ ਕੇ ਪ੍ਰਭੂ ਨੂੰ ਮਿਲਣਾ ਹੈ, ਜੀਵਨ ਲੰਘਦਾ ਤੁਰਿਆ ਜਾਂਦਾ ਹੈ ਇਹ ਜੀਵ ਬਿਲਕੁਲ ਹੀ ਨਹੀਂ ਸੋਚਦਾ ਕਿ ਕੀ ਮੇਰੀ ਕੋਈ ਰੂਹਾਨੀ ਤਰੱਕੀ ਵੀ ਹੋਈ ਹੈ ਜਾਂ ਮੈਂ ਕੋਹਲ੍ਹੂ ਦੇ ਬੈਲ ਵਾਂਗੂੰ ਉਥੇ ਹੀ ਘੁੰਮ ਰਿਹਾ ਹਾਂ। ਪਿਆਰਿਓ! ਸਮਾਂ ਰੋਕਿਆ ਰੁਕਿਆ ਨਹੀਂ ਕਰਦਾ, ਇਹਦਾ ਸੁਭਾਅ ਹੀ ਚਲਣ ਦਾ ਹੈ। ਜਿਸ ਤਰ੍ਹਾਂ ਕਿ ਡਾ. ਵੀਰ ਸਿੰਘ ਜੀ ਲਿਖਦੇ ਹਨ –

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।
ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।
ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।
ਹੋਸ਼! ਅਜੇ ਸੰਭਲ ਇਸ ਸਮੇਂ ਨੂੰ,
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ,
ਲੰਘ ਗਿਆ ਨ ਮੁੜ ਕੇ ਆਂਵਦਾ। *ਭਾਈ ਵੀਰ ਸਿੰਘ ਜੀ*

ਹੁਣ ਕੀ ਹੋਇਆ, ਸਮਾਂ ਖਤਮ ਹੋ ਗਿਆ ਜਿਸ ਕਾਰਜ ਨੂੰ ਕਰਨ ਵਾਸਤੇ ਆਇਆ ਸੀ ਉਹ ਕਰ ਨਹੀਂ ਸਕਿਆ। ਉਭੜਵਾਹੇ ਬੰਦੇ ਵਾਂਗੂੰ ਸਮਾਂ ਲੰਘਣ ਪਿਛੋਂ ਜਾਗ ਕੇ ਸੋਚਦਾ ਹੈ ਕਿ ਪਾਠ ਪੜ੍ਹੀ ਜਾਵਾਂ, ਨਿਉਲੀ ਤੇ ਭੁਯੰਗਮ ਆਦਿ ਸਾਧਨ ਕੀਤੇ ਜਾਣ, ਪ੍ਰਾਣਾਯਾਮ ਦੇ ਬਲ ਨਾਲ ਦਸਵੇਂ ਦੁਆਰ ਵਿਚ ਪਹੁੰਚਿਆ ਜਾਵੇ, ਵਸਤਰ ਤੇ ਜੁੱਤੀ ਵੀ ਨਾ ਪਹਿਨਾਂ, ਨੰਗੇ ਪੈਰੀਂ ਫਿਰਦਾ ਰਹਾਂ, ਜੰਗਲਾਂ ਵਿਚ ਰਹਾਂ, ਖਾਣਾ ਪੀਣਾ ਵੀ ਹੱਥਾਂ ਨਾਲ ਖਾਵਾਂ। ਗੁਰੂ ਮਹਾਰਾਜ ਜੀ ਕਹਿੰਦੇ ਪਿਆਰਿਆ! ਤੂੰ ਨਹੀਂ ਜਾਣਦਾ ਕਿ ਤੈਨੂੰ ਹਉਮੈ ਦਾ ਰੋਗ ਲੱਗਿਆ ਹੋਇਆ ਹੈ। ਇਨ੍ਹਾਂ ਕਰਮਾਂ ਨਾਲ ਰੋਗ ਨਹੀਂ ਜਾਂਦਾ ਸਗੋਂ ਵਧਦਾ ਹੈ। ਇਸ ਅਸਾਧ ਰੋਗ ਦਾ ਇਲਾਜ ਇਨ੍ਹਾਂ ਕਰਮਾਂ ਵਿਚ ਰੱਤੀ ਭਰ ਵੀ ਨਹੀਂ ਹੈ। ਇਹ ਕਰਮ ਤਾਂ ਰੋਗ ਹੋਰ ਵਧਾਉਂਦੇ ਹਨ ਜਿਸ ਤਰ੍ਹਾਂ ਨਾਲ ਗਲਤ ਦਵਾਈ ਦਿਤੀ ਜਾਵੇ, ਰੋਗ ਵਧ ਜਾਂਦਾ ਹੈ। ਇਸ ਕਰਕੇ ਤੇਰੇ ਤਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਰੀਰ ਨੂੰ ਕਿਉਂ ਤੰਗ ਕਰਦਾ ਹੈਂ? ਕਿਉਂ ਦੁਖ ਦਿੰਦਾ ਹੈਂ? ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਰਦਾਸ ਕਰਿਆ ਕਰੋ –

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ *ਅੰਗ – ੧੩*

ਹੇ ਪ੍ਰਭੂ! ਮੈਨੂੰ ਆਪਣੇ ਪਿਆਰਿਆਂ ਦੇ ਦਰਸ਼ਨ

ਕਰਾ, ਉਨ੍ਹਾਂ ਦੀ ਚਰਨ ਧੂੜੀ ਦੇਹ ਤਾਂ ਕਿ ਮੇਰਾ ਵੀ ਉਧਾਰ ਹੋ ਜਾਵੇ –

ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ ॥ *ਅੰਗ – ੧੪੨੪*

ਕਈ ਜਨਮਾਂ ਤੋਂ ਇਹ ਮਨੁੱਖ ਬਣਿਆ ਆ ਰਿਹਾ ਹੈ, ਕਿਸੇ ਜਨਮ ਵਿਚ ਥੋੜ੍ਹੀ ਸੇਵਾ ਵੀ ਕੀਤੀ ਹੈ, ਕਿਸੇ ਜਨਮ ਵਿਚ ਦਾਨ ਕੀਤਾ ਹੈ, ਕਿਤੇ ਸਾਧੂਆਂ ਦੇ ਬਚਨ ਵੀ ਸੁਣੇ ਹਨ, ਉਨ੍ਹਾਂ ਦੀ ਸੰਗਤ ਵਿਚ ਗੁਰਬਾਣੀ ਰਾਹੀਂ ਵਿਚਾਰ ਵੀ ਕੀਤੀ ਹੈ, ਉਹ ਇਕ ਬੜਾ ਭਾਰੀ ਪੁੰਨ ਬਣ ਜਾਂਦਾ ਹੈ। ਇਸੇ ਜਨਮ ਵਿਚ ਜਾਂ ਅਗਲੇ ਜਨਮ ਵਿਚ ਇਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ ਜੋ ਸਾਰੇ ਕਰਮਾਂ ਤੋਂ ਸ਼੍ਰੇਸ਼ਠ ਕਰਮ ਹੈ ਪਰ ਇਹ ਪੂਰਬਲੇ ਕਰਮਾਂ ਦੇ ਵਸ ਹੀ ਹੋਇਆ ਕਰਦਾ ਹੈ, ਨਹੀਂ ਤਾਂ ਹੰਕਾਰ ਵਿਚ ਰੱਤਿਆ ਪੁਰਸ਼ ਮਹਾਂਪੁਰਸ਼ਾਂ ਦੀ ਨਿੰਦਿਆ ਕਰਦਾ ਹੈ, ਉਨ੍ਹਾਂ ਦਾ ਬਚਨ ਉਸ ਨੂੰ ਸੱਪ ਦੇ ਡੰਗ ਵਾਂਗੂੰ ਲਗਦਾ ਹੈ ਅਤੇ ਉਹ ਡਰ ਕੇ ਭਜਦਾ ਹੈ ਕਿ ਕਿਤੇ ਮੈਨੂੰ ਸਾਧੂ ਦੀ ਸੰਗਤ ਪ੍ਰਾਪਤ ਨਾ ਹੋ ਜਾਵੇ। ਇਹ ਉਸ ਦੇ ਮਾੜੇ ਕਰਮਾਂ ਦਾ ਫਲ ਹੀ ਹੋਇਆ ਕਰਦਾ ਹੈ। ਪੂਰਬਲੇ ਕਰਮਾਂ ਬਿਨਾਂ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੋਇਆ ਕਰਦੀ –

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ ॥ *ਅੰਗ – ੨੦੪*

ਜਦੋਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਗਈ, ਅਵਿਦਿਆ ਕਰਕੇ ਮਨ ਵਿਚ ਜੋ ਹਨ੍ਹੇਰਾ ਹੈ, ਜੋ ਭਰਮ ਪਿਆ ਹੋਇਆ ਹੈ ਉਹ ਮਿਟ ਜਾਂਦਾ ਹੈ ਪਰ ਮਹਾਂਪੁਰਸ਼ ਰਸਿਕ ਬੈਰਾਗੀ ਤੱਤ ਬੇਤਾ, ਬ੍ਰਹਮ ਗਿਆਨੀ, ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਵਕਤਾ ਉਹਦੀ ਸੰਗਤ ਪਿਛਲੇ ਕਰਮ ਜਾਗਣ ਨਾਲ ਪ੍ਰਾਪਤ ਹੋਇਆ ਕਰਦੀ ਹੈ। ਸੋ ਪਿਆਰਿਓ! ਤੁਹਾਡਾ ਨੀਂਦ ਨੂੰ ਖੰਡਤ ਕਰਕੇ, ਅੰਮ੍ਰਿਤ ਵੇਲੇ ਜਾਗ ਕੇ, ਠੰਡੇ ਪਾਣੀ ਨਾਲ ਇਸ਼ਨਾਨ ਕਰਕੇ, ਕੜਾਕੇ ਦੀ ਸਰਦੀ ਦੀ ਪ੍ਰਵਾਹ ਨਾ ਕਰਕੇ ਸਤਿਸੰਗ ਵਿਚ ਪਹੁੰਚ ਜਾਣਾ ਕਿਸੇ ਪੂਰਬਲੇ ਜਨਮ ਦੇ ਕਰਮਾਂ ਕਰਕੇ ਹੀ ਹੈ। ਕਿੱਡਾ ਵੱਡਾ ਸ਼ਹਿਰ ਹੈ, ਕਿੰਨੇ ਆਂਢੀ-ਗੁਆਂਢੀ ਹਨ, ਪਰ ਜਾਗ ਕੌਣ ਰਹੇ ਹਨ –

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ
ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ
ਹਰਿ ਦਾਸ ਸੰਤ ਪਿਆਰੇ ॥ ੧ ॥ *ਅੰਗ- ੪੫੯*

ਇਥੇ ਤਕ ਤਾਂ ਤੁਸੀਂ ਪਹੁੰਚ ਗਏ, ਮੈਂ ਵੀ ਪਹੁੰਚ ਗਿਆ ਤੇ ਤੁਸੀਂ ਵੀ ਪਹੁੰਚ ਗਏ। ਹੁਣ ਅੱਗੇ ਕੀ ਕਰਨ ਵਾਲਾ ਕਰਮ ਰਹਿ ਗਿਆ। ਉਹ ਇਹ ਹੈ ਕਿ ਸਾਧੂ ਦੀ ਸੰਗਤ। ਸਾਧੂ ਦੀ ਸੰਗਤ ਵਿਚੋਂ ਜੋ ਹੀਰੇ ਮੋਤੀਆਂ ਜਵਾਹਰਾਤ ਵਰਗੇ ਬਚਨ ਮਿਲਦੇ ਹਨ ਉਹ ਉਨ੍ਹਾਂ ਦੀ ਪ੍ਰਾਲਬਧ, ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਕਢਾ ਰਹੀ ਹੁੰਦੀ ਹੈ। ਜੇ ਇਨ੍ਹਾਂ ਬਚਨਾਂ ਦੀ ਕਮਾਈ ਕੀਤੀ ਜਾਵੇ ਤਾਂ ਭਵਸਾਗਰ ਵਿਚੋਂ ਜੀਵ ਪਾਰ ਹੋ ਜਾਂਦਾ ਹੈ –

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥ ੧ ॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ ॥ *ਅੰਗ – ੭੪੭*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪੂਰਬਲੇ ਕਰਮਾਂ ਨਾਲ ਸੰਗਤ ਤਾਂ ਪ੍ਰਾਪਤ ਹੋ ਗਈ ਹੁਣ ਜੋ ਕਰਨ ਵਾਲਾ ਕਰਮ ਰਹਿ ਗਿਆ ਉਹ ਹੈ ਸਾਧੂ ਦੇ ਬਚਨਾਂ ਦੀ ਕਮਾਈ ਕਰਨੀ। ਬਚਨ ਤਾਂ ਸੁਣ ਲਏ, ਦਰਸ਼ਨ ਵੀ ਕਰ ਲਏ, ਕੀਰਤਨ ਵੀ ਸੁਣ ਲਿਆ। ਗੁਰੂ ਮਹਾਰਾਜ ਜੀ ਦਾ ਜੋ ਫੁਰਮਾਨ ਹੈ ਉਸ ਵੱਲ ਧਿਆਨ ਦਿਓ –

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥ *ਅੰਗ – ੬੬੯*

ਬਚਨ ਦੀ ਕਮਾਈ ਕਰਨੀ ਪੈਂਦੀ ਹੈ, ਕਮਾਈ ਕਰਨੀ ਸਭ ਤੋਂ ਔਖੀ ਹੈ। ਇਸ ਜੀਵ ਦੇ ਵਿਚ ਜਿੰਨੀ ਦੇਰ ਤਕ 'ਮੈਂ' ਦੀ ਮਨੌਂਤ ਰਹਿੰਦੀ ਹੈ, ਆਪਣੇ ਆਪ ਨੂੰ ਬਚਾਅ ਕੇ ਰਖਦਾ ਹੈ ਉਨੀਂ ਦੇਰ ਤਕ ਕਮਾਈ ਨਹੀਂ ਹੋ ਸਕਦੀ। ਗੁਰੂ ਮਹਾਰਾਜ ਜੀ ਤਾਂ ਪਹਿਲਾ ਬਚਨ ਇਹੋ ਹੀ ਕਰਦੇ ਹਨ ਕਿ ਪਹਿਲਾਂ ਤੂੰ ਆਪਣਾ ਅਹੰਭਾਵ ਛੱਡਣਾ ਕਬੂਲ ਕਰ ਲੈ, ਫੇਰ ਨਿਰ-ਅਭਿਮਾਨ ਹੋ ਕੇ ਆਪਣੇ ਆਪ ਨੂੰ ਇਹ ਸਮਝ ਕਿ –

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ ॥
ਅੰਗ - ੧੩੬੪

ਸੰਗਤ ਵਿਚ ਆਵੇਗਾ ਤਾਂ ਤੈਨੂੰ ਪੂਰਾ-ਪੂਰਾ ਲਾਭ ਪ੍ਰਾਪਤ ਹੋਵੇਗਾ। ਫੁਰਮਾਨ ਹੈ -

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥
ਅੰਗ- ੧੧੦੨

ਜੋ ਆਪ ਨੇ ਹੁਕਮਨਾਮਾ ਸੁਣਿਆ ਉਹਦੇ ਵਿਚ ਇਕ ਬਚਨ ਮਹਾਰਾਜ ਜੀ ਦਾ ਵਿਸ਼ੇਸ਼ ਕਰਕੇ ਆਇਆ ਹੈ ਉਹ ਆਪ ਸਾਰਿਆਂ ਨੇ ਧਿਆਨ ਨਾਲ ਸੁਣਿਆ ਹੈ, ਉਹ ਇਹ ਹੈ ਕਿ ਜੇ ਉਹ ਬਚਨ ਮੰਨ ਲਿਆ ਤਾਂ ਸਾਨੂੰ ਅੱਗੇ ਵੀ ਸੁੱਖ ਤੇ ਪਿੱਛੇ ਵੀ ਸੁਖ, ਸੁਖ ਦਾ ਜੀਵਨ ਪ੍ਰਾਪਤ ਹੋ ਜਾਵੇਗਾ ਅਤੇ ਦੁਖ ਦਾ ਨਾਮ ਨਿਸ਼ਾਨ ਹੀ ਨਹੀਂ ਰਹੇਗਾ। ਉਹ ਤਾਂ, ਜੇ ਗੁਰੂ ਦੀ ਬਾਣੀ ਨਾਲ ਮਨ ਮੰਨ ਜਾਵੇ, ਵਾਹਿਗੁਰੂ ਜੀ, ਸਰਬ ਵਿਆਪਕ ਹਸਤੀ ਉਪਰ ਪੂਰੀ ਤਰ੍ਹਾਂ ਮਨ ਮੰਨ ਜਾਵੇ ਅਤੇ ਮਹਿਸੂਸ ਕਰੇ -

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥
ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥
ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥
ਰਹਾਉ ॥
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ - ੬੭੭

ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਵਾਹਿਗੁਰੂ ਜੀ ਦੀ ਪਰੀਪੂਰਨਤਾ ਅਤੇ ਸਰਬ ਵਿਆਪਕਤਾ ਉਪਰ ਅਸਾਡਾ ਮਨ ਮੰਨ ਜਾਵੇ ਜੋ ਅਨੇਕ ਜਤਨ ਕਰਨ ਤੋਂ ਬਿਜਲੀ ਦੇ ਲਸ਼ਕਾਰੇ ਵਾਂਗ ਲੰਘ ਜਾਂਦਾ ਹੈ ਤੇ ਭਾਵ ਇਕ ਛਿਨ ਲਈ ਕਾਇਮ ਰਹਿੰਦਾ ਹੈ ਪਰ ਅਸੀਂ ਫੇਰ ਇਸ ਨਿਸ਼ਚੇ 'ਚੋਂ ਉਥੇ ਹੀ ਆ ਜਾਂਦੇ ਹਾਂ। ਅਸਾਡੀ ਹਾਲਤ ਉਸ ਲੰਗੜੇ ਗਧੇ ਵਰਗੀ ਹੈ ਜੋ ਦਲਦਲ ਵਿਚ ਫਸ ਕੇ ਆਪਣੇ ਜ਼ੋਰ ਨਾਲ ਨਹੀਂ ਨਿਕਲ ਪਾਉਂਦਾ। ਜਿੰਨਾਂ ਜ਼ੋਰ ਉਹ ਬਾਹਰ ਨੂੰ ਲਾਉਂਦਾ ਹੈ ਉਨ੍ਹਾਂ ਹੀ ਉਹ ਹੋਰ ਦਲਦਲ ਵਿਚ ਫਸੀ ਜਾਂਦੀ ਹੈ। ਸੋ ਵੱਡੀ ਗੱਲ ਹੈ ਕਿ ਮਨ ਨੂੰ ਮਨਾਉਣਾ ਹੈ। ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ, ਉਹ ਆਪ ਹੀ -

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - ੧

ਆਪੇ ਆਪ ਤੋਂ ਆਪਣਾ ਪਸਾਰਾ ਕਰਕੇ ਅਨੇਕ ਤਰ੍ਹਾਂ ਦੇ ਰੂਪ ਧਾਰ ਕੇ ਆਪਣੀ ਖੇਲ੍ਹ ਕਰ ਰਹੇ ਹਨ। ਅਸੀਂ ਇਸ ਨਿਸ਼ਚੇ ਨੂੰ ਮੰਨਣ ਵਾਸਤੇ ਤਿਆਰ ਨਹੀਂ ਹਾਂ। ਅਸੀਂ ਕਹਿੰਦੇ ਹਾਂ ਕਿ ਅਸੀਂ ਆਪ ਹੀ ਪੜ੍ਹਦੇ ਹਾਂ, ਆਪ ਹੀ ਨੌਕਰੀਆਂ ਕਰਦੇ ਹਾਂ, ਆਪ ਹੀ ਬੱਚੇ ਪਾਲਦੇ ਹਾਂ, ਸਾਰੇ ਕੰਮ ਅਸੀਂ ਆਪ ਹੀ ਕਰਦੇ ਹਾਂ। ਵਾਹਿਗੁਰੂ ਜੀ ਦੀ ਸਰਬ ਸ਼ਕਤੀ ਉਪਰ ਸਾਨੂੰ ਯਕੀਨ ਨਹੀਂ ਆਉਂਦਾ। ਗੁਰੂ ਮਹਾਰਾਜ ਤਾਂ ਫੁਰਮਾਨ ਕਰਦੇ ਹਨ -

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥
ਆਗਿਆਕਾਰੀ ਬਪੁਰਾ ਜੀਉ ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- ੨੭੭

ਅਸੀਂ ਕਹਿੰਦੇ ਹਾਂ ਕਿ ਬਿਲਕੁਲ ਗਲਤ ਹੈ, ਜੇ ਅਸੀਂ ਨੌਕਰੀ ਨਾ ਕਰੀ ਤਾਂ ਅਸਾਡੇ ਬੱਚੇ ਭੁੱਖੇ ਮਰ ਜਾਣਗੇ। ਅਸੀਂ ਨਹੀਂ ਸੋਚਦੇ ਕਿ -

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੧੦

ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥
ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ
ਵਿਚਿ ਪਾਥਰ ਕੀਟ ਪਖਾਣੀ ਹੇ ॥ ਅੰਗ- ੧੦

ਅਸੀਂ ਕਿਸੇ ਤਰ੍ਹਾਂ ਨਾਲ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਵਾਹਿਗੁਰੂ ਜੀ ਇਥੇ ਆਪਣੀ ਖੇਲ੍ਹ ਆਪ ਕਰ ਰਹੇ ਹਨ। ਅਸੀਂ ਕਹਿੰਦੇ ਹਾਂ ਕਿ ਅਸਾਡੀ ਜੋ ਹਸਤੀ ਹੈ ਉਸ ਦਾ ਕਦੇ ਵੀ ਨਾਸ਼ ਨਹੀਂ ਹੁੰਦਾ, 'ਮੈਂ' ਅਸਾਡੇ ਨਾਲ ਪੱਕੀ ਤਰ੍ਹਾਂ ਨਾਲ ਸੂਝ ਰੋਕੀ ਬੈਠੀ ਹੈ, ਉਥੇ 'ਮੇਰੀ' ਵੀ ਆਪਣਾ ਪੂਰਾ ਕੰਮ ਕਰ ਰਹੀ ਹੈ। ਸੋ ਵਾਹਿਗੁਰੂ ਜੀ ਨਾਲ ਕਿਵੇਂ ਮੇਲ ਹੋਵੇ? ਅਸਾਡਾ ਮਨ ਗੁਰੂ ਸਿਧਾਂਤ ਨੂੰ ਮੰਨਣ ਲਈ ਤਿਆਰ ਨਹੀਂ। ਅਨੇਕ ਤਰ੍ਹਾਂ ਦੀਆਂ ਮਨੌਤਾਂ ਅਸੀਂ ਜਾਣਦੇ ਹਾਂ, ਗਿਆਨਾਂ ਦਾ ਸਾਡੇ ਕੋਲ ਘਾਟਾ ਨਹੀਂ ਹੈ। ਤਰਕ ਜਿੰਨੀ ਜੀਅ ਕਰੇ ਅਸਾਡੇ ਵਿਚੋਂ ਲਈ ਜਾ ਸਕਦੀ ਹੈ, ਦੂਜੇ ਦਾ ਦਿਲ ਦੁਖਾਉਣ ਨੂੰ ਅਸੀਂ ਸ਼ੇਰ ਵਰਗੇ ਹੋ ਜਾਂਦੇ ਹਾਂ, ਜਦੋਂ ਨਾਮ ਦੀ ਵਾਰੀ ਆਉਂਦੀ ਹੈ ਉਸ ਵੇਲੇ ਅਸੀਂ ਕੁਝ ਵੀ ਨਹੀਂ ਰਹਿੰਦੇ। ਮਹਾਰਾਜ ਜੀ ਫੁਰਮਾਨ ਕਰਦੇ ਹਨ -

ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥
ਅੰਗ - ੫੧੮

'ਚਲਦਾ.....।'

ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਭਾਈ ਧਿੰਗ ਨੂੰ ਉਪਦੇਸ਼

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-24)

ਸੋ ਜਦੋਂ ਨਾਮ ਅੰਦਰ ਚਲਿਆ ਜਾਂਦੈ। ਫੇਰ ਮਿੱਠੀ-ਮਿੱਠੀ ਰੌਂ ਰੁਮਕਦੀ ਹੈ ਅੰਦਰ। ਹੌਲੀ-ਹੌਲੀ vibration ਹੁੰਦੀ ਹੈ। ਰਸ ਵਧਦੈ, ਨੇਤਰਾਂ 'ਚ ਰਸ ਆ ਜਾਂਦੈ। ਸਰੀਰ 'ਚ ਰਸ ਆ ਜਾਂਦੈ, ਬੋਲ 'ਚ ਰਸ ਆ ਜਾਂਦੈ। ਸਾਰਾ ਸਰੀਰ ਰਸ ਨਾਲ ਭਰ ਜਾਂਦੈ। ਫੇਰ ਉਹ ਰਸਿਕ ਬੈਰਾਗੀ ਬਣ ਜਾਂਦੈ। ਜਿਹੜਾ ਵੀ ਉਹਨੂੰ ਮਿਲਦਾ ਹੈ ਉਹਦੇ ਮਨ 'ਚ ਵੀ ਰਸ ਭਰ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਨਾਲ ਜਪਦੇ-ਜਪਦੇ ਐਨਾ ਪ੍ਰਵੇਸ਼ ਕਰ ਜਾਂਦੈ। ਦੋ ਖਰਬ ਪੰਦਰਾਂ ਅਰਬ ਸੈੱਲ ਨੇ ਸਾਡੇ ਸਰੀਰ ਦੇ ਅੰਦਰ। ਇਕੱਲੇ-ਇਕੱਲੇ ਸੈੱਲ 'ਚ ਜਾ ਪਹੁੰਚਦੈ -

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ - ੯੪੧

ਸੋ ਇਸ ਤਰ੍ਹਾਂ ਨਾਮ ਦੇ ਵਿਚ ਉਹਦਾ ਚਿੱਤ ਜੁੜ ਗਿਆ। ਹਰ ਵਕਤ ਨਾਮ ਦੇ ਵਿਚ ਸੁਰਤਿ ਰਹਿੰਦੀ ਹੈ। ਜਦੋਂ ਉਹਦੀ ਮਹਿਮਾ ਫੈਲੀ, ਉਸ ਵੇਲੇ ਚੰਗੇ-ਚੰਗੇ ਸਾਧੂ ਉਹਦੇ ਦਰਸ਼ਨ ਕਰਨ ਵਾਸਤੇ ਆਉਣੇ ਸ਼ੁਰੂ ਹੋ ਗਏ। ਬੜੇ ਪਿਆਰ ਨਾਲ ਸੇਵਾ ਕਰਦੈ, ਪ੍ਰਸ਼ਾਦਾ ਛਕਾਉਂਦੈ, ਮੁੱਠੀ-ਚਾਪੀ ਕਰਦੈ, ਕੀਰਤਨ ਕਰਾਉਂਦੈ ਤੇ ਕਾਫੀ ਸਮਾਂ ਬੀਤ ਗਿਆ।

ਅੱਜ ਹਰੀ ਦੇ ਪਿਆਰੇ, ਹਰੀ ਦਾ ਜਸ ਕਰਨ ਵਾਲੇ ਸਾਧੂ ਆ ਗਏ। ਜਾਣਦੇ ਸੀ ਕਿ ਇਸ ਗੱਲ ਦਾ ਪਿਆਰ ਸੈਣ ਦੇ ਮਨ ਵਿਚ ਬਹੁਤ ਹੈ। ਕੀਰਤਨ ਦੇ ਵਿਚ ਉਹਦੀ ਬੜੀ ਭਾਰੀ ਸ਼ਰਧਾ ਹੈ, ਭਗਤੀ ਹੈ। ਉਥੇ ਆ ਗਏ, ਉਥੇ ਆ ਕੇ ਆਪ ਨੇ ਬੜੀ ਸੇਵਾ ਕੀਤੀ। ਸੇਵਾ ਦੇ ਵਿਚ ਮਸਤ ਹੋ ਗਏ। ਉਧਰੋਂ ਸ਼ਾਮ ਪੈ ਗਈ, ਪ੍ਰਸ਼ਾਦਾ ਵਗੈਰਾ ਛਕਾਉਣ ਤੋਂ ਬਾਅਦ ਕੀਰਤਨ ਹੋਣਾ ਸ਼ੁਰੂ ਹੋ ਗਿਆ। ਸਾਰੀ ਰਾਤ ਹਰੀ ਦਾ ਜਸ ਹੁੰਦਾ ਰਿਹਾ ਤੇ ਮਸਤੀਆਂ ਚੜ੍ਹ ਗਈਆਂ ਸਾਰਿਆਂ ਨੂੰ। ਦੇਸ਼ ਭੁੱਲ ਗਿਆ, ਕਾਲ ਭੁੱਲ ਗਿਆ। ਰਹਿ ਕੀ ਗਿਆ? ਇਕੋ ਹੀ ਧੇਅ ਰਹਿ ਗਿਆ। ਵਾਹਿਗੁਰੂ ਰਹਿ ਗਿਆ ਸਾਮ੍ਹਣੇ। ਆਪਣੇ ਸਰੀਰ ਦਾ ਵੀ ਧਿਆਨ ਭੁੱਲ ਗਿਆ। ਸੋ ਭਾਈ ਗੁਰਦਾਸ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

ਧਾਰਨਾ - ਆਏ ਸੰਤ ਪ੍ਰਾਹੁਣੇ,
ਕੀਰਤਨ ਹੋਆ ਰੈਣ ਸਬਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਭਾਈ ਗੁਰਦਾਸ ਜੀ

ਸਾਰੀ ਰਾਤ ਕੀਰਤਨ ਹੋਇਆ, ਮਸਤੀ ਆ ਗਈ। ਫੁਰਨਾ ਖਤਮ ਹੋ ਗਿਆ। ਮਨ ਦਾ ਨਾਸ਼ ਹੋ ਗਿਆ। ਮਨੋਨਾਸ਼, ਵਾਸ਼ਨਾ ਖ਼ੈ ਹੋ ਗਈ। ਉਸ ਵੇਲੇ ਨਾਮ ਦੀ ਮਸਤੀ ਦੀ ਹਾਲਤ ਵਿਚ ਸੇਵਾ ਕਰਦੇ ਨੇ। ਦਿਨ ਚੜ੍ਹ ਗਿਆ ਤੇ ਸੰਤ ਅਜੇ ਗਏ ਨਹੀਂ ਹਨ। ਪ੍ਰਸ਼ਾਦ ਪਾਣੀ ਛਕਾ ਕੇ ਬਹੁਤ ਪਿਆਰ ਦੀਆਂ ਗੱਲਾਂ 'ਚ ਲੱਗੇ ਹੋਏ ਨੇ। ਪ੍ਰਭੂ ਦਾ ਜਸ ਗਾਈ ਜਾਂਦੇ ਨੇ, ਪ੍ਰਭੂ ਦਾ ਜਸ ਕਥਨ ਕਰੀ ਜਾਂਦੇ ਨੇ। ਸੋ ਉਸ ਵੇਲੇ ਪ੍ਰਭੂ ਨੇ, ਜੋ ਸੰਤਾਂ ਦਾ ਪਿਆਰਾ ਹੈ, ਹੈ ਤਾਂ ਸਭ ਦਾ ਪਿਆਰਾ ਕਿਉਂਕਿ God is love, Love is God. ਪਰ ਅਸੀਂ ਰੱਬ ਨਾਲ ਪਿਆਰ ਨਹੀਂ ਕਰਦੇ। ਰੱਬ ਦੀਆਂ ਦਿਤੀਆਂ ਹੋਈਆਂ ਚੀਜ਼ਾਂ ਨਾਲ ਪਿਆਰ ਕਰਦੇ ਹਾਂ -

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ- ੬੭੬

ਮਨਮੁੱਖਾਂ ਵਾਲਾ ਕੰਮ ਹੈ ਸਾਡਾ। ਅਕ੍ਰਿਤਘਣ ਹਾਂ। ਜਿਹਨੇ ਸਭ ਕੁਛ ਦਿਤਾ ਹੈ ਉਹਨੂੰ ਕਦੇ ਨਹੀਂ ਚਿਤ 'ਚ ਵਸਾਉਂਦੇ, ਭੁੱਲ ਕੇ ਵੀ ਉਹਦਾ ਨਾਂ ਨਹੀਂ ਲੈਂਦੇ। ਸੰਤਾਂ ਦਾ ਇਹ ਹੁੰਦੈ ਕਿ ਪ੍ਰਭੂ ਦੇ ਪਿਆਰ ਵਿਚ ਰਹਿੰਦੇ ਨੇ। ਸੋ ਸੰਤਾਂ ਨਾਲ ਉਹਦਾ ਪਿਆਰ ਜ਼ਿਆਦਾ ਹੋਇਆ ਕਰਦਾ ਹੈ। ਉਸ ਵੇਲੇ ਆਪ ਨੇ ਦੇਖਿਆ ਕਿ ਮੇਰੇ ਭਗਤ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਜਾ ਕੇ ਰਾਜੇ ਦੀ ਸੇਵਾ ਵੀ ਕਰਨੀ ਹੈ -

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ- ੯੬੨

ਭਗਤਾਂ ਦੇ ਵਸ ਵਿਚ ਰਹਿੰਦਾ ਹੈ। ਉਹਨਾਂ ਦੀ ਸੇਵਾ ਕਰਕੇ ਵਾਹਿਗੁਰੂ ਖੁਸ਼ ਹੁੰਦੈ। ਖੁਸ਼ੀ ਮਹਿਸੂਸ ਕਰਦੈ ਸੰਤਾਂ ਦੀ ਸੇਵਾ ਕਰਨ ਵਿਚ। ਸੋ ਆਪ ਜੀ ਨੇ ਸੈਣ ਵਰਗਾ ਰੂਪ ਧਾਰਨ ਕਰ ਲਿਆ। ਸਾਰੇ ਰੂਪ ਉਹਦੇ ਨੇ, ਜਿਹਦਾ ਰੂਪ ਜੀਅ ਕਰਦੈ ਧਾਰ ਸਕਦੈ। ਉਸ ਵੇਲੇ ਰੂਪ ਧਾਰ ਕੇ ਰਾਜੇ ਦੀ ਸੇਵਾ

ਕਰਨ ਆ ਗਏ ਪ੍ਰਮੇਸ਼ਰ –

ਧਾਰਨਾ – ਰੂਪ ਧਾਰ ਕੇ ਸੈਣ ਦਾ ਆ ਗਏ,
ਸੇਵਾ ਕਰਨ ਰਾਜੇ ਦੀ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪ ਹਰਿ ਹੋਇ ਕੈ ਆਇਆ ਰਾਣੈ ਨੋ ਰੀਝਾਈ।
ਭਾਈ ਗੁਰਦਾਸ ਜੀ

ਹੁਣ ਉਸ ਵਾਹਿਗੁਰੂ ਨੂੰ ਅਸੀਂ ਮੰਨੀਏ ਨਾ? ਦੂਰ ਜਾਣੀਏ? –

ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ ॥ *ਅੰਗ- ੬੧੨*

ਕੋਲ ਹੀ ਹੈ, ਨਾਲ ਹੀ। ਕਹਿੰਦੇ, ਸਭ ਤੋਂ ਨੇੜੇ ਜੇ ਹੈ –

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥
ਅੰਗ – ੬੫੮

ਹੱਥ ਨਾਲੋਂ ਵੀ ਨੇੜੇ ਵਾਹਿਗੁਰੂ ਹੈ। ਉਸ ਨੇੜੇ ਰਹਿੰਦੇ ਨੂੰ ਅਸੀਂ ਦੂਰ ਜਾਣਦੇ ਹਾਂ। ਉਹ ਤਾਂ ਐਨੇ ਕੰਮ ਕਰਦਾ ਫਿਰਦੈ, ਭਰੋਸਾ ਕਰਕੇ ਤਾਂ ਦੇਖੋ, ਉਹਦੇ ਉਤੇ ਕੋਈ। ਭਰੋਸੇ ਤੋਂ ਹੀਣਤਾ ਹੈ ਸਾਡੀ –

ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ *ਅੰਗ- ੨੮੩*

ਜੇ ਪ੍ਰੀਤ ਨਹੀਂ ਹੈ ਤਾਂ ਵਾਹਿਗੁਰੂ ਚਿਤ ਨਹੀਂ ਆਉਂਦਾ। ਪਰਤੀਤ ਨਹੀਂ ਸਾਡੇ ਮਨ ਦੇ ਅੰਦਰ, ਭਰੋਸਾ ਨਹੀਂ ਹੈ, ਇਸੇ ਕਰਕੇ ਭਟਕਦੇ ਫਿਰਦੇ ਹਾਂ। ਪਰਮ ਸ਼ਕਤੀ ਦੇ ਨਾਲੋਂ ਟੁੱਟ ਕੇ ਫਕੀਰ ਬਣੇ ਫਿਰਦੇ ਹਾਂ, ਮੰਗਤੇ ਬਣੇ ਹੋਏ ਹਾਂ। ਥਾਂ-ਥਾਂ 'ਤੇ ਜਾ ਕੇ ਮੱਥੇ ਰਗੜਦੇ ਹਾਂ। ਉਹ ਤਾਂ ਅੰਦਰ ਰਹਿੰਦਾ ਹੈ, ਜਿਸ ਤੋਂ ਮੰਗਣਾ ਹੈ –

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥
ਅੰਗ – ੬੮੧

ਸੋ ਉਹਨਾਂ ਨੇ ਰੂਪ ਧਾਰਨ ਕਰ ਲਿਆ। ਤੇਲ ਲਾਉਣ ਲਗ ਗਿਆ ਰਾਜੇ ਕੋਲ ਆ ਕੇ। ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਦੇਖੋ ਕਿੰਨਾ ਪ੍ਰਭਾਵਿਤ ਹੁੰਦੈ, ਪਿਆਰ ਦੇ ਨਾਲ। ਕਿਉਂਕਿ ਮਹਾਰਾਜ ਕਹਿੰਦੇ, ਤੂੰ ਹੋਰ ਕੁਛ ਕਰ ਲੈ, ਉਹਨੂੰ ਰਿਝਾ ਨਹੀਂ ਸਕਦਾ ਤੇਰਾ ਕੋਈ ਕਰਤੱਬ। ਸਮੁੰਦਰ ਨੂੰ ਤੂੰ ਕਿਵੇਂ ਮਿਣ ਲਵੇਂਗਾ, ਚਮਚਿਆਂ ਨਾਲ। ਕਿਉਂ ਇਸ ਗੱਲ 'ਚ ਆਉਂਦਾ ਹੈ ਕਿ ਮੈਂ ਐਨਾ ਤਪ ਕਰਕੇ ਰਿਝਾ ਲਵਾਂਗਾ। ਨਾਂਹ ਉਹ ਨਹੀਂ ਰੀਝਦਾ। ਉਹ ਜੇ ਰੀਝਦਾ ਹੈ ਤਾਂ –

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨ ਹੀ ਪ੍ਰਭ ਪਾਇਓ। *ਪਾਤਸ਼ਾਹੀ ੧੦*

ਪਿਆਰੇ ਦੇ ਪਿੱਛੇ-ਪਿੱਛੇ ਤੁਰਿਆ ਫਿਰਦੈ।

ਰੱਬ ਨੂੰ ਪੁੱਛਿਆ ਕਿ ਤੁਹਾਡੀ ਕਮਜ਼ੋਰੀ ਹੈ ਕੋਈ? ਕਹਿੰਦੇ, ਹਾਂ ਮੈਨੂੰ ਪਿਆਰ ਦੀ ਕਮਜ਼ੋਰੀ ਹੈ। ਕਮਜ਼ੋਰੀ ਹੀ ਨਹੀਂ ਹੈ, ਮੈਂ ਭੁੱਖਾ ਰਹਿੰਦਾ ਹਾਂ –

ਗੋਬਿੰਦ ਭਾਉ ਭਗਤਿ ਦਾ ਭੁਖਾ।

ਦੁਨੀਆਂ ਦੇ ਜੀਵਾਂ ਨੂੰ ਮੈਂ ਸਭ ਕੁਛ ਦਿੰਦਾ ਹਾਂ ਤੇ ਸਿਹਤ ਦਿਤੀ, ਸਭ ਚੀਜ਼ਾਂ ਬਣਾਈਆਂ ਨੇ। ਬਿਮਾਰੀ ਵਾਸਤੇ ਦਵਾਈਆਂ ਬਣਾਈਆਂ ਨੇ। ਆਦਮੀ ਦੇ ਖਾਣ ਵਾਸਤੇ ਸ਼ਹਿਦ ਬਣਾਇਆ ਹੈ, ਮੱਖੀਆਂ ਪੈਦਾ ਕਰੀਆਂ ਨੇ, ਫੁੱਲ ਪੈਦਾ ਕਰੇ ਨੇ। ਫੁੱਲਾਂ 'ਚ ਸ਼ਹਿਦ ਪੈਦਾ ਕਰਿਆ ਹੈ। ਬਸ ਖਾ ਕੇ ਡਕਾਰ ਮਾਰਦੈ, ਕਦੇ ਸੋਚਦਾ ਹੀ ਨਹੀਂ ਕਿ ਓਸ ਮਾਲਕ ਨੇ ਕਿੱਡਾ ਇੰਤਜ਼ਾਮ ਮੇਰੇ ਜੀਵਨ ਵਾਸਤੇ ਕੀਤਾ ਹੈ। ਪਰ ਕਹਿੰਦੇ, ਮਜ਼ਾਲ ਐ ਪਿਆਰ ਕਰ ਲਵੇ। ਪ੍ਰਮੇਸ਼ਰ ਪਿਆਰ ਦਾ ਭੁੱਖਾ ਹੈ। ਜਿਥੇ ਪਿਆਰ ਹੈ ਉਹਦੇ ਪਿੱਛੇ-ਪਿੱਛੇ ਤੁਰਿਆ ਫਿਰਦੈ –

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥
ਅੰਗ – ੧੩੬੭

ਕਬੀਰ ਨੇ ਪਿਆਰ ਕਰਿਆ ਹੈ। ਪਿਆਰ ਕਰਿਆ ਮਨ ਨਿਰਮਲ ਹੋ ਗਿਆ। ਜਦੋਂ ਨਿਰਮਲ ਹੋ ਗਿਆ, ਉਸ ਵੇਲੇ ਰੱਬ ਪਿੱਛੇ-ਪਿੱਛੇ ਤੁਰਿਆ ਫਿਰਦੈ ਕਿ ਕਬੀਰ ਕੋਈ ਕੰਮ ਤਾਂ ਦੱਸ। ਮੈਂ ਤੇਰਾ ਯੱਗ ਕਰਦਾਂ, ਤੂੰ ਨਾ ਕਰ। ਕਿਤੇ ਯੱਗ ਕਰਦੈ, ਕਿਤੇ ਮਰੀ ਹੋਈ ਗਊ ਜਿਉਂਦੀ ਕਰਦੈ ਨਾਮਦੇਵ ਦੀ। ਕਿਤੇ ਦੇਹੁਰਾ ਫੇਰਨ ਆ ਜਾਂਦੈ। ਜਦੋਂ ਐਨਾ ਕੁਛ ਹੈਗਾ, ਫੇਰ ਉਹ ਹੈਗਾ। ਫੇਰ ਉਹਦੇ ਨਾਲ ਹੀ ਪਿਆਰ ਪਾਓ, ਸੰਸਾਰ ਦਾ ਪਿਆਰ ਕੁਛ ਨਹੀਂ ਕਰਦਾ।

ਸੋ ਜਦੋਂ ਹੱਥ ਲਾਇਆ, ਲਾਉਂਦੇ ਸਾਰ ਸਾਰੇ ਰੋਗਾਂ ਦਾ ਖਾਤਮਾ ਹੋ ਗਿਆ।

ਧਾਰਨਾ – ਸਾਰੇ ਰੋਗ ਰਾਜੇ ਦੇ ਮਿਟ ਗਏ,
ਜਦੋਂ ਹੱਥ ਲੱਗਿਆ ਰਾਮ ਦਾ।

ਕਹਿੰਦੇ, ਇਕ ਨਹੀਂ, ਜਿੰਨੇ ਸਰੀਰ ਵਿਚ ਰੋਗ ਸੀ, ਸਾਰੇ ਹੀ ਮਿਟ ਗਏ। ਫੇਰ ਵਾਹਿਗੁਰੂ ਨੇ ਇਸ ਤਰ੍ਹਾਂ ਨਹੀਂ ਕਿ ਹੱਥ ਲਾ ਕੇ ਚਲਿਆ ਗਿਆ, ਦਰਸ਼ਨ ਦੇ ਕੇ ਚਲਿਆ ਗਿਆ। ਪਿਆਰ ਦਾ ਬੰਨ੍ਹਿਆ

ਹੋਇਆ ਡੇਢ ਪਹਿਰ ਮਾਲਿਸ਼ ਹੀ ਕਰੀ ਗਿਆ। ਜਦੋਂ ਗਿਆ ਫੇਰ ਵੀ ਚੋਜ ਇਹੋ ਜਿਹਾ ਕਰਿਆ ਕਿ ਰਾਜੇ ਨੂੰ ਮੱਥਾ ਟੇਕ ਕੇ ਜਾਣੈ।

ਓਧਰਲੇ ਪਾਸੇ ਸੰਤਾਂ ਨੂੰ ਵਿਦਾ ਕਰਕੇ, ਮਨ ਵਿਚ ਖਿਆਲ ਆਇਆ ਕਿ ਅੱਜ ਕੀ ਬਣੇਗਾ? ਅੱਜ ਤਾਂ ਮੈਂ ਗਿਆ ਨਹੀਂ, ਰਾਜ ਦੁਆਰ ਜਾ ਕੇ ਸੇਵਾ ਨਹੀਂ ਕਰੀ?

ਸਾਧ ਜਨਾ ਨੋ ਵਿਦਾ ਕਰਿ
ਰਾਜ ਦੁਆਰਿ ਗਇਆ ਸਰਮਾਈ। *ਭਾਈ ਗੁਰਦਾਸ ਜੀ*

ਡਰਦਾ ਮਾਰਿਆ ਹੌਲੀ-ਹੌਲੀ ਤੁਰਿਆ ਜਾਂਦਾ ਹੈ ਕਿ ਚਲੋ ਦੇਖੀ ਜਾਏਗੀ, ਨੌਕਰੀ ਤੋਂ ਕੱਢ ਦਏਗਾ, ਕੀ ਕਰੇਗਾ ਰਾਜਾ, ਕੋਈ ਸਜ਼ਾ ਦਏਗਾ? ਇਸ ਤਰ੍ਹਾਂ ਸੋਚਦਾ ਜਾਂਦਾ ਹੈ, ਮਨ ਦੇ ਅੰਦਰ। ਅੱਗੇ ਜਾਂਦਾ ਹੈ ਕੀ ਦੇਖਦਾ ਹੈ ਰਾਜਾ ਰਿਸ਼ਟ-ਪੁਸ਼ਟ, ਕੋਈ ਬਿਮਾਰੀ ਨਹੀਂ, ਬਿਲਕੁਲ ਨੌ-ਬਰ-ਨੌ ਹੋ ਗਿਆ ਤੇ ਐਨੀ ਖੁਸ਼ੀ ਉਹਦੇ ਚਿਤ ਵਿਚ ਆ ਰਹੀ ਹੈ ਕਿ ਕੀ ਕਰਾਮਾਤ ਕਰ ਦਿਤੀ ਸੈਣ ਨੇ। ਹੱਥ ਲਾਇਆ ਤੇ ਦਰਦ ਸਾਰਾ ਹੀ ਖਤਮ ਕਰ ਦਿਤਾ। ਨਾ ਕਿਤੇ ਫੋੜਾ ਨਜ਼ਰ ਆਉਂਦਾ ਹੈ, ਨਾ ਕੁਛ ਹੋਰ, ਕੋਈ ਰੋਗ ਨਹੀਂ ਅੱਜ ਮੈਨੂੰ। ਮੈਂ ਇਹਨੂੰ ਕੀ ਦੇਵਾਂ ਸੋਚੀ ਜਾਂਦੈ।

ਜਦੋਂ ਸੈਣ ਡਰਦਾ-ਡਰਦਾ ਨੇੜੇ ਜਾਂਦੈ। ਉਸ ਵੇਲੇ ਰਾਜੇ ਦੇ ਦੁਆਲੇ ਉਹਦੇ ਬਹੁਤ ਸਾਰੇ ਅਹਿਲਕਾਰ ਵੀ ਖੜ੍ਹੇ ਨੇ। ਮਨ ਵਿਚ ਬੜੀ ਖੁਸ਼ੀ ਹੈ ਰਾਜੇ ਦੇ, ਪਿਆਰ ਨਾਲ ਬੁਲਾ ਰਿਹਾ ਹੈ। ਸਭ ਨੂੰ ਬੁਲਾ ਰਿਹਾ ਹੈ। ਕਿਉਂਕਿ ਬੰਦਾ ਜਦੋਂ ਖੁਸ਼ ਹੋ ਜਾਂਦੈ, ਆਪਣੀ ਖੁਸ਼ੀ ਦੂਜਿਆਂ ਦੇ ਨਾਲ ਵੰਡਣੀ ਚਾਹੁੰਦੈ। ਕਰਮਚਾਰੀ ਬੁਲਾ ਲਏ, ਹੋਰ ਨੌਕਰ-ਚਾਕਰ ਸਭ ਇਕੱਠੇ ਕਰ ਲਏ। ਚਿਤ ਵਿਚ ਖੁਸ਼ੀ ਹੈ ਕਿ ਅੱਜ ਮੈਂ ਇਨ੍ਹਾਂ ਨੂੰ ਇਨਾਮ ਵਗੈਰਾ ਦੇਵਾਂ। ਐਨੇ ਨੂੰ ਸੈਣ ਆ ਗਿਆ, ਡਰਦਾ-ਡਰਦਾ ਜਾ ਰਿਹੈ। ਕਦੇ ਰਾਜੇ ਵਲ ਨੂੰ ਦੇਖਦੈ, ਕਦੇ ਨੀਵੀਂ ਪਾ ਲੈਂਦੈ ਤੇ ਦੇਖਦਾ ਹੈ ਕਿ ਹੁਣ ਹੋਏਗਾ ਕੀ। ਜਦੋਂ ਹੌਲੀ-ਹੌਲੀ ਤੁਰਦੈ ਰਾਜਾ ਕਾਹਲਾ ਪੈਂਦੈ। ਉਸੇ ਵੇਲੇ ਰਾਜੇ ਨੇ ਅਵਾਜ਼ ਮਾਰੀ। ਕਹਿੰਦੇ, ਸੈਣ ਜੀ! ਜਲਦੀ ਆ ਜਾਓ ਤੁਸੀਂ -

ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲ੍ਹਿ ਪੈਨ੍ਹਾਈ।
ਭਾਈ ਗੁਰਦਾਸ ਜੀ

ਜਿਹੜੇ ਸ਼ਾਹੀ ਵਸਤਰ ਪਹਿਨੇ ਹੋਏ ਸੀ ਸਾਰੇ ਲਾਹ ਕੇ ਉਹਦੇ ਗਲ ਵਿਚ ਪਾ ਦਿਤੇ ਤੇ ਨਾਲ ਇਸ ਤਰ੍ਹਾਂ ਕਹਿਣ ਲੱਗਿਆ -

ਧਾਰਨਾ - ਵਸ ਮੈਨੂੰ ਓ ਕਰ ਲਿਆ ਪਿਆਰਿਆ,
ਰਾਜਾ ਬੋਲਦੈ ਸੁਣੇ ਸਾਰੀ ਦੁਨੀਆਂ।
ਵਸਿ ਕੀਤਾ ਹਉ ਤੁਧਿ ਅਜ ਬੋਲੈ ਰਾਜਾ ਸੁਣੈ ਲੁਕਾਈ।
ਭਾਈ ਗੁਰਦਾਸ ਜੀ

ਸਾਰੇ ਹੈਰਾਨ ਹੋ ਰਹੇ ਨੇ। ਸੈਣ ਵੀ ਹੈਰਾਨ ਹੋ ਰਿਹੈ। ਕਹਿਣ ਲੱਗਿਆ, ਅੱਜ ਤਾਂ ਤੇਰੇ ਹੱਥ ਦੇ ਵਿਚ ਤਾਸੀਰ ਸੀ। ਅਕਸੀਰ ਸੀ ਕੋਈ, ਹੱਥ ਛੂੰਹਦੇ ਸਾਰ ਮੇਰਾ ਫੋੜਾ ਵੀ ਕਿਧਰੇ ਚਲਿਆ ਗਿਆ, ਸਾਰੇ ਸਰੀਰ ਦੇ ਜਿਹੜੇ ਹੋਰ ਰੋਗ ਸੀਗੇ। ਉਹ ਵੀ ਕੋਈ ਨਹੀਂ ਰਿਹਾ।

ਸੋ ਪ੍ਰਗਟ ਕਰ ਦਿੰਦੈ -

ਪਰਗਟੁ ਕਰੈ ਭਗਤ ਵਡਿਆਈ। *ਭਾਈ ਗੁਰਦਾਸ ਜੀ*

ਧਾਰਨਾ - ਪ੍ਰਗਟ ਕਰ 'ਤਾ ਭਗਤ ਨੂੰ ਆ ਕੇ,
ਰਾਮ ਪਿਆਰਾ ਸਾਧੂਆਂ ਦਾ।
ਦੇਖਿ ਜਾਤ ਅਪਨੀ ਭਾ ਸੈਨ।
ਕਰੀ ਸੇਵ ਸੰਤ ਕੀ ਰੈਨ॥ *ਸ੍ਰੀ ਗੁ. ਪ੍ਰ. ਸੂਰਜ ਗ੍ਰੰਥ*

ਸੋ ਇਸ ਤਰ੍ਹਾਂ ਬਹੁਤ ਵਿਸਥਾਰ ਦੇ ਨਾਲ ਮਹਾਰਾਜ ਨੇ ਭਾਈ ਧਿੰਙ ਨੂੰ ਕਥਾ ਸੁਣਾਈ। ਮਹਾਰਾਜ ਕਹਿੰਦੇ, ਸਾਰੀ ਰਾਤ ਉਹਨੇ ਸੇਵਾ ਕਰੀ-

ਪ੍ਰੇਮ ਪਰਖ ਕਰਿ ਸ਼੍ਰੀ ਭਗਵਾਨ।
ਬਨੇ ਸੈਨ ਕੇ ਰੂਪ ਸੁਜਾਨ।
ਰਾਣੇ ਕੋ ਇਸ ਰੀਤਿ ਰਿਝਾਯੋ।
ਬਖਸ਼ੀ ਤਬਿ ਕਵਾਇ ਹੁਲਸਾਯੋ।
ਤਿਸ ਕੇ ਸਮ ਸੰਤਨ ਕੀ ਸੇਵਾ।
ਕਰਹੁ ਸਦਾ ਰੀਝਹਿ ਗੁਰਦੇਵਾ। *ਸ੍ਰੀ ਗੁ.ਪ੍ਰਤਾਪ ਸੂਰਜ ਗ੍ਰੰਥ*

ਕਹਿੰਦੇ ਦੇਖ, ਸੰਤਾਂ ਦੀ ਸੇਵਾ ਕਰਨ ਦੇ ਨਾਲ ਗੁਰੂ ਰੀਝ ਜਾਇਆ ਕਰਦੈ। ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ -

ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ
ਜਾਇ ਮਿਲੀਐ ਰਾਮ ਮੁਰਾਰੀ ॥ *ਅੰਗ- ੯੧੧*

ਫੇਰ ਪ੍ਰਮੇਸ਼ਰ ਨੂੰ ਜਾ ਕੇ ਮਿਲ ਜਾਈਦੈ। ਜਿੰਨਾਂ ਚਿਰ ਸਾਸੁ ਨੇ ਕਹਿੰਦੇ ਓਨਾ ਚਿਰ ਸੇਵਾ ਕਰੋ -

ਅਨਦਿਨੁ ਜਾਗਤ ਰਹੈ ਦਿਨੁ ਰਾਤੀ
ਅਪਨੇ ਪ੍ਰਿਅ ਪ੍ਰੀਤਿ ਪਿਆਰੀ ॥ *ਅੰਗ- ੯੧੧*
ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਅੰਗ- ੨੮

ਜੇ ਦਿਖਾ-ਦਿਖਾ ਕੇ ਕਰੇ, ਨੱਠ-ਨੱਠ ਕੇ ਕਰੇ ਕਿ ਮੈਨੂੰ ਦੇਖਦੇ ਵੀ ਨੇ ਸੇਵਾ ਕਰਦੇ ਨੂੰ। ਮਹਾਰਾਜ

ਕਹਿੰਦੇ, ਉਹ ਨਹੀਂ ਥਾਂ ਪੈਂਦੀ, ਇਹ ਤਾਂ ਮਨਮੁਖਾਂ ਵਾਲੀ ਗੱਲ ਕਰ ਰਿਹੈ। ਜਿਹਦਾ ਹਿਰਦਾ ਸ਼ੁੱਧ ਹੈ ਉਹ ਸਹਿਜ ਸੁਭਾਅ ਸੇਵਾ ਕਰਦੈ। ਕਿਸੇ ਨੂੰ ਦਿਖਾਉਂਦਾ ਨਹੀਂ ਹੈ। ਖੁਸ਼ ਹੁੰਦੈ ਸੇਵਾ ਕਰ-ਕਰ ਕੇ ਕਿ ਮੇਰੇ ਭਾਗ ਜਾਗ ਪਏ ਤੇ ਮੈਨੂੰ ਸੇਵਾ ਮਿਲ ਗਈ।

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ ਅੰਗ- ੩੪

ਨਿਸ਼ਾਨੀ ਇਹ ਹੁੰਦੀ ਹੈ ਕਿ ਪ੍ਰਮੇਸ਼ਰ ਦਾ ਨਾਮ ਮਨ ਵਿਚ ਵਸ ਜਾਂਦੈ। ਤਾਂ ਸੇਵਾ ਸਫਲੀ ਹੋ ਗਈ ਨਹੀਂ ਤਾਂ ਫੇਰ ਕਿਸੇ ਨਾ ਕਿਸੇ ਤਾਰ ਦੇ ਵਿਚ ਨੁਕਸ ਹੈ।

ਸੋ ਇਹ ਸੇਵਾ ਮਹਾਰਾਜ ਕਹਿੰਦੇ, ਜਿੰਨਾਂ ਚਿਰ ਦਰਗਾਹ ਦੇ ਵਿਚੋਂ ਲਿਖਿਆ ਨਾ ਜਾਵੇ, ਸੇਵਾ ਨਹੀਂ ਮਿਲਿਆ ਕਰਦੀ -

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥
ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥
ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥
ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ
ਅਨਦ ਮੰਗਲ ਗੁਣ ਗਾਇਆ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਅੰਗ- ੪੫੭

ਸੋ ਸੇਵਾ ਉਹ ਹੁੰਦੀ ਹੈ ਜਿਹਦੇ ਵਿਚ ਗੁਰੂ ਦਾ ਮਨ ਮੰਨ ਜਾਵੇ।

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥
ਅੰਗ - ੩੧੪

ਸਾਰੇ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਜੇ ਕਹਿੰਦੈ ਕਿ ਮੈਂ ਸੇਵਾ ਕਰਦਾ ਹਾਂ, ਮੂਹਰੇ ਹੋ-ਹੋ ਦਿਖਾਵੇ ਕਰਦੈ, ਮਹਾਰਾਜ ਕਹਿੰਦੇ, ਨਾ ਪ੍ਰੇਮੀਆ!-

ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ ॥
ਅੰਗ - ੧੦੭੧

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ
ਜਾ ਆਪੇ ਨਦਰਿ ਕਰੇਇ ॥ ਅੰਗ- ੬੪੮

ਸੋ ਸੇਵਾ ਦੀ ਰੀਤ ਹੋਇਆ ਕਰਦੀ ਹੈ।

ਸੋ ਐਸੇ ਉਪਦੇਸ਼ ਸੁਣ ਕੇ, ਮਹਾਰਾਜ ਕਹਿਣ ਲੱਗੇ ਕਿ - ***'ਤਿਸ ਕੇ ਸਮ ਸੰਤਨ ਕੀ ਸੇਵਾ। ਕਰਹੁ ਸਦਾ ਰੀਝਹਿ ਗੁਰੁਦੇਵਾ।'*** ਗੁਰੂਦੇਵ ਫੇਰ ਰੀਝ ਜਾਂਦੇ ਨੇ -

ਸੁਨਿ ਉਪਦੇਸ਼ ਕਮਾਵਨਿ ਕੀਨਿ।
ਧਰਯੋ ਪ੍ਰੇਮ ਸਿੱਖੀ ਪਦ ਲੀਨਿ। ਸ੍ਰੀ ਗੁ. ਪ੍ਰਤਾਪ ਸੂਰਜ ਗ੍ਰੰਥ

ਪਿਆਰ ਦੇ ਵਿਚ ਆ ਕੇ, ਸਿੱਖੀ ਦਾ ਪਦ, ਜਿਹਨੂੰ ਚੌਥਾ ਪਦ ਕਹਿੰਦੇ ਨੇ ਉਹ ਪ੍ਰਾਪਤ ਕਰ ਲਿਆ -

ਸਭਿ ਕੁਟੰਬ ਕੋ ਭਯੋ ਉਧਾਰ।
ਜਿਮ ਕਾਸ਼ਟ ਸੇ ਲੋਹੋ ਪਾਰ। ਸ੍ਰੀ ਗੁ. ਪ੍ਰਤਾਪ ਸੂਰਜ ਗ੍ਰੰਥ

ਕਹਿੰਦੇ, ਇਸ ਤਰ੍ਹਾਂ ਹੋ ਗਿਆ ਜਿਵੇਂ ਕਾਠ ਦੇ ਨਾਲ ਲੋਹਾ ਲੱਗਿਆ ਹੋਵੇ, ਇਸ ਤਰ੍ਹਾਂ ਉਹਨੇ ਸਾਰੇ ਕੁਟੰਬ ਦਾ ਸੇਵਾ ਕਰਕੇ ਉਧਾਰ ਕਰ ਦਿਤਾ।

ਸੋ ਮਹਾਰਾਜ ਕਹਿਣ ਲੱਗੇ, ਭਾਈ ਧਿੰਙ! ਵਾਹਿਗੁਰੂ ਨੂੰ ਕਿਤੇ ਟੋਲ੍ਹਣ ਦੀ ਲੋੜ ਨਹੀਂ ਹੈ। ਇਹ ਹਰੇਕ ਦੇ ਅੰਦਰ ਵਸਦੈ। ਤੇਰੇ ਅੰਦਰ ਵਸਦੈ। ਸ਼ਬਦ ਦੀ ਦਾਤ ਦੇ ਦਿਤੀ। ਸ਼ਬਦ ਦੇ ਨਾਲ ਹੁਣ ਤੂੰ ਮਨ ਲਾ, ਸੇਵਾ ਵੀ ਕਰ ਤੇ ਨਾਲ ਤੂੰ ਸ਼ਬਦ ਦਾ ਜਾਪ ਵੀ ਕਰ ਤੇ ਉਸਨੂੰ ਟੋਲ੍ਹ ਵੀ ਜਿਹੜਾ ਤੇਰੇ ਅੰਦਰ ਹਰੀ ਵਸਦੈ -

ਧਾਰਨਾ - ਖੋਜ ਲੈ ਮਨਾਂ, ਇਸ ਦੇਹੀ ਅੰਦਰੋਂ ਰਾਮ ਨੂੰ।

ਦੇਹੀ ਨਗਰੀ ਊਤਮ ਥਾਨਾ ॥
ਪੰਚ ਲੋਕ ਵਸਹਿ ਪਰਧਾਨਾ ॥
ਊਪਰਿ ਏਕੰਕਾਰੁ ਨਿਰਾਲਮੁ
ਸੁੰਨ ਸਮਾਧਿ ਲਗਾਇਆ ॥ ੩ ॥
ਦੇਹੀ ਨਗਰੀ ਨਉ ਦਰਵਾਜੇ ॥
ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ
ਆਪੇ ਅਲਖੁ ਲਖਾਇਆ ॥ ੪ ॥
ਪੁਰਖੁ ਅਲੇਖੁ ਸਚੇ ਦੀਵਾਨਾ ॥
ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ
ਆਤਮ ਰਾਮ ਨਾਮੁ ਪਾਇਆ ॥ ਅੰਗ - ੧੦੩੯

'ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥' ਸਾਰੇ ਸੰਸਾਰ ਦੇ ਸਾਜੇ ਹੋਏ ਨੇ। ਇਹਦੇ ਵਿਚ 'ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥' ਘਰੁ ਦਰੁ ਮੰਦਰੁ ਜਾਣੈ

ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥ ਅੰਗ- ੧੦੩੯

ਹੋਰ ਤਾਂ ਜਾਣ ਨਹੀਂ ਸਕਦਾ। ਪੂਰਾ ਗੁਰੂ ਸੋਝੀ ਕਰਾ ਦੇਵੇ -

ਕਾਇਆ ਗੜ ਮਹਲ ਮਹਲੀ
ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥
ਅੰਗ - ੧੦੩੯

ਇਹ ਕਾਇਆ ਗੜ੍ਹ ਦੇ ਵਿਚ ਦਸਵੇਂ ਦੁਆਰ ਦਾ ਮਹਿਲ, ਮਹਿਲ ਦੇ ਵਿਚ ਜਿਹੜਾ ਮਹਿਲੀਂ ਵਾਹਿਗੁਰੂ ਰਹਿੰਦੈ। 'ਸਚੁ ਸਾਚਾ ਤਖਤੁ ਰਚਾਇਆ।' ਸੱਚਾ ਤਖ਼ਤ, ਕਹਿੰਦੇ, ਦਸਵੇਂ ਦੁਆਰ ਵਿਚ ਰਚਾ ਲਿਆ -

ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥
ਸੇਵਕ ਪੰਚ ਨਾਹੀ ਬਿਖੁ ਚਾਖੀ ॥ ਅੰਗ - ੧੦੩੯

ਗਿਆਨ ਇੰਦਰੇ ਫੇਰ ਵਿਹੁ ਨਹੀਂ ਖਾਂਦੇ -

ਅੰਤਰਿ ਵਸਤੁ ਅਨੂਪ ਨਿਰਮੋਲਕ
ਗੁਰਿ ਮਿਲਿਐ ਹਰਿ ਧਨੁ ਪਾਇਆ ॥ ਅੰਗ - ੧੦੩੯
ਸਚੈ ਥਾਨਿ ਵਸੈ ਨਿਰੰਕਾਰਾ ॥
ਆਪਿ ਪਛਾਣੈ ਸਬਦੁ ਵੀਚਾਰਾ ॥
ਸਚੈ ਮਹਲਿ ਨਿਵਾਸੁ ਨਿਰੰਤਰਿ
ਆਵਣ ਜਾਣੁ ਚੁਕਾਇਆ ॥ ਅੰਗ - ੧੦੪੦

ਦਸਵੇਂ ਦੁਆਰ ਦੇ ਅੰਦਰ ਦਿਨ ਰਾਤ, ਕਿਤੇ ਨਹੀਂ ਜਾਂਦਾ ਵਾਹਿਗੁਰੂ। ਨਿਰੰਤਰ ਲਗਾਤਾਰ ਵਸਦੈ। ਪਾਪੀਆਂ ਦੇ ਵੀ ਵਸਦੈ, ਪੁੰਨੀਆਂ ਦੇ ਵੀ ਵਸਦੈ। ਸਭ ਨੂੰ ਸ਼ਕਤੀ ਦੇ ਕੇ ਸਰੀਰਕ ਕੰਮ ਕਰਾ ਰਿਹੈ।

ਨਾ ਮਨੁ ਚਲੈ ਨ ਪਉਣੁ ਉਡਾਵੈ ॥
ਜੋਗੀ ਸਬਦੁ ਅਨਾਹਦੁ ਵਾਵੈ ॥
ਪੰਚ ਸਬਦ ਝੁਣਕਾਰੁ ਨਿਰਾਲਮੁ
ਪ੍ਰਭਿ ਆਪੇ ਵਾਇ ਸੁਣਾਇਆ ॥ ਅੰਗ - ੧੦੪੦

ਫੁਰਨਾ ਆਉਂਦਾ ਹੀ ਨਹੀਂ। ਨਾ ਵਾਸ਼ਨਾ ਮਨ ਨੂੰ ਉਡਾਉਂਦੀ ਹੈ। ਉਥੇ ਅਨਾਹਦ ਸ਼ਬਦ ਵਜਦੇ ਨੇ-

ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥
ਅੰਗ- ੧੦੪੧

ਦਿਨ-ਰਾਤ ਜਿਵੇਂ ਚੰਦਾਇਣੁ ਦਾ ਚਾਨਣਾ ਦੇਖਦਾ ਹੈ ਇਹ -

ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥ ੨ ॥
ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥
ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥
ਦੇਖਿ ਅਦਿਸਟੁ ਰਹਹੁ ਲਿਵ ਲਾਗੀ
ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥ ਅੰਗ - ੧੦੪੧

ਸਾਰੇ ਵਾਹਿਗੁਰੂ ਨਜ਼ਰ ਆਉਣ ਲਗ ਜਾਂਦਾ ਹੈ-

ਵਾਚਹਿ ਪੁਸਤਕ ਵੇਦ ਪੁਰਾਨਾਂ ॥
ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ
ਬਿਨੁ ਸਤਿਗੁਰ ਤਤੁ ਨ ਪਾਇਆ ॥ ਅੰਗ- ੧੦੪੩

ਕਹਿੰਦੇ, ਸੱਪਣੀ ਨੇ ਕੁੰਡਲ ਮਾਰਿਆ ਹੋਇਐ, ਦੱਸੋ ਕਿਵੇਂ ਖੁਲ੍ਹੇਗਾ -

ਕਰਹਿ ਬਿਭੂਤਿ ਲਗਾਵਹਿ ਭਸਮੈ ॥
ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ
ਬਿਨੁ ਸਤਿਗੁਰ ਅਲਖੁ ਨ ਪਾਇਆ ॥ ਅੰਗ - ੧੦੪੩

ਸੋ ਇਸ ਤਰ੍ਹਾਂ ਦੇ ਨਾਲ ਬੰਦਗੀ ਕਰਦੇ-ਕਰਦੇ ਭਾਈ ਧਿੰਙ 'ਤੇ ਗੁਰੂ ਮਹਾਰਾਜ ਨੇ ਕ੍ਰਿਪਾ ਕਰ ਦਿਤੀ। ਕ੍ਰਿਪਾ ਕਰਨ ਦੀ ਦੇਰ ਸੀ, ਹਰ ਪਾਸੇ ਉਹਨੂੰ ਪ੍ਰਮੇਸ਼ਰ ਨਜ਼ਰ ਆਉਂਦੈ। ਆਪਣੇ ਭਾਵ ਇਸ ਤਰ੍ਹਾਂ ਪ੍ਰਗਟ ਕਰਦੇ ਨੇ -

ਧਾਰਨਾ - ਗੁਰਾਂ ਨੇ ਮੇਰੇ ਨੈਣ ਖੋਲ੍ਹ 'ਤੇ,
ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।
ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਪੁਰਖੁ ਅਤੀਤੁ ਵਸੈ ਨਿਹਕੇਵਲੁ
ਗੁਰ ਪੁਰਖੈ ਪੁਰਖੁ ਮਿਲਾਇਆ ॥ ਅੰਗ- ੧੦੪੦

ਗੁਰੂ ਅੰਗਦ ਦੇਵ ਮਹਾਰਾਜ ਨੇ ਕ੍ਰਿਪਾ ਕਰਕੇ ਮਿਲਾ ਦਿਤਾ, ਸਰਬ ਰਮਿਆ ਹੋਇਆ ਪ੍ਰਮੇਸ਼ਰ

ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥
ਦੂਜਾ ਮੇਟੈ ਏਕੁ ਦਿਖਾਏ ॥
ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥
ਅੰਗ - ੧੦੪੦

ਸੋ ਇਸ ਤਰ੍ਹਾਂ ਚਲਦੇ-ਚਲਦੇ ਆਪ ਗੁਰੂ ਮਹਾਰਾਜ ਦੀ ਸੇਵਾ ਕਰਦੇ ਨੇ। ਅੱਜ ਆਪ ਸੇਵਾ ਕਰਦੇ ਐਨੇ ਸੇਵਾ 'ਚ ਮਸਤ ਹੋਏ ਕਿ ਜਿਸ ਕੰਮ ਦੇ ਵਿਚ ਆਪ ਨੇ ਜਾਣਾ ਸੀ, ਕੋਈ ਵਿਆਹ ਸੀ ਕਿਸੇ ਦੇ ਘਰ। ਉਥੇ ਜਾ ਕੇ ਸਾਰੇ ਕਾਰਜ ਭਾਈ ਧਿੰਙ ਨੇ ਕਰਨੇ ਸੀ। ਲੇਕਿਨ ਲੀਨ ਹੋਏ-ਹੋਏ, ਗੁਰ ਸੇਵਾ ਦੇ ਅੰਦਰ, ਦੇਸ ਕਾਲ ਦੀ ਸੋਝੀ ਭੁੱਲੀ ਹੋਈ ਹੈ। ਸੇਵਾ ਕਰੀ ਜਾਂਦੇ ਨੇ। ਸਮਾਂ ਲੰਘ ਗਿਆ। ਉਧਰਲੇ ਪਾਸੇ ਜਿਥੇ ਵਿਆਹ ਹੈ, ਉਥੇ ਵੀ ਭਾਈ

ਧਿੰਙ ਫਿਰਦਾ ਹੈ। ਕੰਮ ਐਨੀ ਛੇਤੀ ਕਰਦੈ, ਅਗਲੇ ਦੇ ਮਨ ਵਿਚ ਗੱਲ ਆਉਂਦੀ ਹੈ, ਪਹਿਲਾਂ ਹੀ ਕਰ ਦਿੰਦੈ। ਸਾਰੇ ਕਹਿੰਦੇ ਨੇ ਵਾਹ ਬਈ ਵਾਹ, ਭਾਈ ਧਿੰਙ! ਤੈਨੂੰ ਮੈਂ ਆਹ ਕੰਮ ਕਹਿਣ ਵਾਲਾ ਹੀ ਸੀ, ਤੂੰ ਪਹਿਲਾਂ ਹੀ ਕਰ ਦਿਤਾ। ਸੋ ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਭਾਈ ਧਿੰਙ ਦਾ ਰੂਪ ਬਣਾ ਕੇ ਆਉਂਦਾ ਹੈ।

ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆ ਗਏ,
ਸਿੱਖ ਵਾਲਾ ਰੂਪ ਧਾਰ ਕੇ।
ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥ *ਅੰਗ- ੪੦੩*

ਦੌੜ ਕੇ ਜਾਂਦਾ ਹੈ। ਸਵੇਰ ਤੋਂ ਹੀ ਕੰਮ ਕਰਨਾ ਸ਼ੁਰੂ ਹੋਇਐ। ਏਧਰ ਭਾਈ ਧਿੰਙ ਨੂੰ ਕੋਈ ਪਤਾ ਨਹੀਂ, ਚੇਤੇ 'ਚੋਂ ਭੁੱਲ ਗਿਆ ਕਿ ਮੈਂ ਤਾਂ ਜਾਣਾ ਸੀ ਵਿਆਹ ਦੇ ਸੈਂਕੜੇ ਕੰਮ ਹੁੰਦੇ ਨੇ। ਕਦੇ ਏਧਰ ਨੱਠ, ਕਦੇ ਉਹਨੂੰ ਬੁਲਾ ਕੇ ਲਿਆ। ਅਜੇ ਮਨ 'ਚ ਹੀ ਹੁੰਦੀ ਹੈ ਗੱਲ, ਆਪ ਪਹਿਲਾਂ ਹੀ ਚਲੇ ਜਾਂਦੇ ਨੇ। ਕਹਿੰਦੇ, ਭਾਈ ਧਿੰਙ! ਤੂੰ ਤਾਂ ਅੰਤਰਜਾਮੀ ਲਗਦੈਂ, ਸਾਡੇ ਮਨ 'ਚ ਅਜੇ ਗੱਲ ਆਉਂਦੀ ਹੈ ਤੂੰ ਪਹਿਲਾਂ ਹੀ ਕਰ ਦਿੰਦੈ ਕਿਉਂਕਿ ਵਾਹਿਗੁਰੂ ਨੇ ਕੰਮ ਕਰਨਾ ਹੋਇਆ। ਮਜਦੂਰ ਵਾਂਗੂੰ ਥੋੜ੍ਹਾ, ਮਜਦੂਰ ਤਾਂ ਨਹੀਂ ਹੈ ਉਹ। ਉਹ ਤਾਂ ਪਿਆਰ ਦਾ ਬੰਨ੍ਹਿਆ ਹੋਇਐ-

ਧਾਰਨਾ - ਸੇਵਾ ਕਰਦੇ ਨੇ ਭਗਤ ਰੂਪ ਧਾਰ ਕੇ,
ਬੰਨ੍ਹੇ ਹੋਏ ਸੱਚੇ ਪਿਆਰ ਦੇ।
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ *ਅੰਗ- ੯੬੨*

ਸੇਵਾ ਕਰ ਰਹੇ ਨੇ। ਕਾਫੀ ਸਮਾਂ ਲੰਘ ਗਿਆ। ਗੁਰੂ ਮਹਾਰਾਜ ਸੇਵਾ ਤੋਂ ਲਾਂਭੇ ਹੋਏ। ਕਹਿਣ ਲੱਗੇ, ਅੱਜ ਤਾਂ ਵਿਆਹ ਸੀ ਫਲਾਣੇ ਦੇ। ਕੀ ਬਣਿਆ ਹੋਣੈ, ਸਾਰਾ ਹੀ ਕੰਮ ਮੈਨੂੰ ਸੌਂਪਿਆ ਹੋਇਆ ਸੀ ਉਹਨਾਂ ਨੇ।

ਜਦੋਂ ਉਥੇ ਜਾਂਦੇ ਨੇ ਤਾਂ ਅਸਲੀ ਜੋ ਆਏ ਹੋਏ ਸੀ ਵਾਹਿਗੁਰੂ ਰੂਪ ਧਾਰ ਕੇ, ਉਹ ਗਾਇਬ ਹੋ ਜਾਂਦੇ ਨੇ। ਇਹ ਆ ਜਾਂਦੇ ਨੇ। ਉਸ ਵੇਲੇ ਸਾਰੇ ਕੰਮ 'ਚ ਧੰਨ-ਧੰਨ ਹੋ ਰਹੀ ਹੈ। ਭਾਈ ਧਿੰਙ! ਅੱਜ ਤਾਂ ਤੂੰ ਕਮਾਲ ਹੀ ਕਰ ਦਿਤੀ। ਸਾਰੇ ਕਾਰਜ ਬਿਨਾਂ ਹੀ ਦੱਸਣ ਤੋਂ ਆਪੇ ਪੂਰੇ ਕਰ ਦਿਤੇ।

ਸਮਝ ਗਏ ਕਿ ਅੱਜ ਕੌਣ ਆਇਐ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਕਲਪਾਣੀ ਨਦੀ ਦੇ ਕਿਨਾਰੇ ਬੈਠੇ ਨੇ, ਸਮਾਧੀ ਲੱਗੀ ਹੋਈ ਹੈ। ਅੱਜ ਫੌਜ ਵਿਚ ਆ ਕੇ ਰਾਈਫਲਾਂ ਦੇਣੀਆਂ ਭੁੱਲ ਗਏ ਕਿਉਂਕਿ ਕੋਤਾਂ ਦੇ ਇੰਚਾਰਜ ਸੀਗੇ। ਓਧਰ ਅਲਾਰਮ ਵੱਜ ਗਿਆ। ਸਾਰੀਆਂ ਰਾਈਫਲਾਂ ਇਕ ਸਕਿੰਟ ਵਿਚ ਦੇ ਦਿਤੀਆਂ ਫੌਜ ਨੂੰ। ਸਭ ਹੈਰਾਨ ਨੇ ਕਿ ਕਰਮ ਸਿੰਘ ਇਕ ਸੀ ਕਿ ਸੌ ਸੀਗਾ। ਉਸ ਤੋਂ ਬਾਅਦ ਕਰਨਲ ਨੇ ਕਿਹਾ ਕਿ ਐਡਵਾਂਸ ਗਾਰਦ ਦੇ ਵਿਚ ਕਰਮ ਸਿੰਘ ਜਾਣਗੇ। ਤੁਰ ਪਏ ਬੜੇ ਹੌਂਸਲੇ ਦੇ ਨਾਲ। ਜਾ ਕੇ ਵਿਕਟ ਬਗੈਰ ਗੋਲੀ ਚਲਾਉਣ ਤੋਂ ਲੈ ਲਈ। ਬੜਾ ਖੁਸ਼ ਹੋਇਆ ਉਸਤਾਦ। ਕਹਿਣ ਲੱਗਾ, ਅੱਜ ਸਪੈਸ਼ਲ ਤਰੱਕੀ ਦੇਣੀ ਹੈ। ਬਾਬਾ ਜੀ ਆ ਗਏ, ਦੋ ਵਜੇ। ਇਹ ਸੋਚਦੇ ਆਉਂਦੇ ਨੇ ਕਿ ਪਤਾ ਨਹੀਂ ਅੱਜ ਕੀ ਸਜਾ ਮਿਲੇਗੀ।

ਸੋ ਜਦੋਂ ਉਥੇ ਆਉਂਦੇ ਨੇ ਧੰਨ-ਧੰਨ ਹੋ ਰਹੀ ਹੈ। ਬਾਬਾ ਜੀ! ਸਾਡਾ ਵੀ ਹਿੱਸਾ ਰੱਖਿਓ। ਸਮਝਦੇ ਨੇ ਕਿ ਸ਼ਾਇਦ ਬੋਲੀਆਂ ਮਾਰਦੇ ਨੇ। ਸੂਬੇਦਾਰ ਮੇਜਰ ਕੋਲ ਗਏ ਜਿਹੜਾ ਇਹਨਾਂ ਦਾ ਮਿੱਤਰ ਸੀ ਕਹਿਣ ਲੱਗਿਆ, ਤੁਸੀਂ ਇਹੋ ਜਿਹੇ ਵਸਤਰ ਪਹਿਨੇ ਨੇ?

ਕਹਿੰਦੇ, ਅਸੀਂ ਤਾਂ ਹੁਣੇ ਹੀ ਆਏ ਹਾਂ ਉਥੋਂ।

ਕਹਿੰਦੇ, ਫੇਰ ਲੜਾਈ ਕੀਹਨੇ ਕਰੀ? ਐਡਵਾਂਸ ਗਾਰਦ 'ਚ ਗਏ। ਕਹਿੰਦੇ, ਸੂਬੇਦਾਰ ਸਾਹਿਬ! ਆਪਣੇ ਕੋਲ ਹੀ ਗੱਲ ਰੱਖੀਂ। ਇਹ ਤਾਂ ਗੁਰੂ ਕਲਗੀਧਰ ਪਾਤਸ਼ਾਹ ਨੇ ਰੂਪ ਧਾਰ ਕੇ, ਸਾਂਗ ਮੇਰਾ ਲਾ ਕੇ, ਜਿਵੇਂ ਸੈਣ ਦਾ ਕੰਮ ਕਰਿਆ ਸੀ, ਭਾਈ ਧਿੰਙ ਦਾ ਕਰਿਆ ਹੈ ਸੋ ਇਵੇਂ ਮੇਰਾ ਹੋਇਐ।

ਸੋ ਉਸ ਦਿਨ ਤੋਂ ਬਾਅਦ ਬਾਬਾ ਜੀ ਨੇ ਫੌਜ ਦੀ ਨੌਕਰੀ ਛੱਡ ਦਿਤੀ। ਸਾਰੀ ਜ਼ਿੰਦਗੀ ਸਵਾਸ-ਸਵਾਣ ਨਾਮ ਜਪਿਆ। ਇਵੇਂ ਭਾਈ ਧਿੰਙ ਨੇ ਸਾਰਾ ਕਾਰ ਵਿਹਾਰ ਛੱਡ ਦਿਤਾ। ਕਹਿੰਦੇ, ਹੁਣ ਤਾਂ ਗੁਰੂ ਸੇਵਾ ਤੋਂ ਉਪਰ ਕੋਈ ਨਹੀਂ ਗੱਲ, ਜੀ ਭਰ ਕੇ ਸੇਵਾ ਕਰੀ। ਜਦੋਂ ਸ੍ਰੀ ਗੁਰੂ ਅੰਗਦ ਪਾਤਸ਼ਾਹ ਨੇ ਦੇਖਿਆ ਕਿ ਇਹ ਅਜਰ ਨੂੰ ਜਰਨ ਲਗ ਗਿਆ ਓਸ ਵੇਲੇ ਬੁੱਕਲ 'ਚ ਲੈ ਕੇ ਕਿਹਾ, ਸਿੱਖਾ! ਨਿਹਾਲ-ਨਿਹਾਲ-ਨਿਹਾਲ। ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ ਦਿਤੇ। ਰਿੱਧੀਆਂ-ਸਿੱਧੀਆਂ ਬਖਸ਼ ਦਿਤੀਆਂ। ਕਹਿੰਦੇ, ਜਾਹ ਹੁਣ ਤੂੰ ਕੁਲਾਂ ਨੂੰ ਤਾਰਨ ਵਾਲਾ ਹੋ ਗਿਆ। ਆਪ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾ। ਸੋ ਐਸਾ ਜਿਹੜਾ ਇਨਸਾਨ ਹੈ ਉਹਦਾ ਸੰਸਾਰ 'ਤੇ ਆਉਣਾ ਧੰਨ ਹੁੰਦਾ ਹੈ। ਜਿਹੜੇ ਦੂਸਰੇ ਨੇ -

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥

ਅੰਗ - ੨੫੧

ਉਹ ਤਾਂ ਕਹਿੰਦੇ ਪਸ਼ੂ ਢੋਰ ਨੇ ਉਹਨਾਂ ਦਾ ਤਾਂ ਸੰਸਾਰ 'ਤੇ ਆਉਣਾ ਜਾਣਾ ਕੋਈ ਮਾਇਅਨੇ ਨਹੀਂ ਰਖਦਾ। ਸਿਰਫ ਐਸੇ ਪੁਰਸ਼ ਨੇ ਜਿਹਨਾਂ ਦਾ ਸੰਸਾਰ 'ਤੇ ਆਉਣਾ ਮਾਇਅਨੇ ਰੱਖਿਆ ਕਰਦੈ -

ਧਾਰਨਾ - ਆਪ ਤਰਿਆ ਤੇ ਕੁਲਾਂ ਸਭ ਤਾਰੀਆਂ,
ਦੁਨੀਆਂ ਉਤੇ ਆਉਣਾ ਧੰਨ ਹੈ।
ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥

ਅੰਗ - ੨੯੪

ਸੋ ਗੁਰਸਿੱਖੀ ਦੀ ਆਪ ਨੂੰ ਲਗਨ ਲੱਗੀ, ਵੈਰਾਗ ਹੋਇਆ, ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਦੀ ਸੇਵਾ ਵਿਚ ਗਏ। ਬਚਨ ਦੀ ਕਮਾਈ ਕੀਤੀ-

ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ ॥ *ਅੰਗ - ੭੪੭*

ਉਸ ਵਾਹਿਗੁਰੂ ਨੂੰ ਜਿਹਨੂੰ ਸੁਣਦੇ ਸੀਗੇ -

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥

ਅੰਗ - ੬੧੨

ਸਾਰੀਆਂ ਘਟਾਂ 'ਚ ਦੇਖ ਲਿਆ। 24 ਕੁਲਾਂ ਦਾਦਕਿਆਂ ਦੀਆਂ ਤਾਰ ਦਿਤੀਆਂ। 20 ਕੁਲਾਂ ਨਾਨਕਿਆਂ ਦੀਆਂ ਤਾਰ ਦਿਤੀਆਂ, 16 ਕੁਲਾਂ ਜਿਥੇ ਵਿਆਹਿਆ ਹੋਇਆ ਸੀ ਉਹਨਾਂ ਦਾ ਉਧਾਰ ਕਰ ਦਿਤਾ। 12 ਕੁਲਾਂ ਜਿਥੇ ਲੜਕਾ-ਲੜਕੀ ਸੀ, ਉਹਨਾਂ ਦਾ ਉਧਾਰ ਕਰ ਦਿਤਾ। 11 ਕੁਲਾਂ ਜਿਥੇ ਭੈਣ ਸੀ, 9 ਕੁਲਾਂ ਜਿਥੇ ਭੂਆ ਸੀ, 8 ਕੁਲਾਂ ਜਿਥੇ ਮਾਸੀ ਸੀ। ਸਾਰਿਆਂ ਦਾ ਉਧਾਰ ਕਰਕੇ ਸਦਾ ਵਾਸਤੇ ਅਮਰ ਹੋ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਗੋਦ ਵਿਚ ਜਾ ਬੈਠਿਆ।

ਸੋ ਇਸ ਤਰ੍ਹਾਂ ਦੇ ਨਾਲ ਪ੍ਰਸੰਗ ਅਸੀਂ ਵੀ ਸੁਣਿਆ ਹੈ ਉਹਨਾਂ ਨੇ ਵੀ ਸੁਣਿਆ ਸੀ, ਉਹਨਾਂ ਨੂੰ ਵੈਰਾਗ ਹੋ ਗਿਆ, ਸਾਨੂੰ ਹੁੰਦਾ ਨਹੀਂ ਕਿਉਂਕਿ ਮਾਇਆ ਦਾ ਅਸਰ ਬਹੁਤ ਸਖ਼ਤ ਪਿਆ ਹੋਇਆ ਹੈ। ਨਾ ਸਾਡਾ ਇਰਾਦਾ ਹੈ, ਉਹਨੇ ਇਰਾਦਾ ਕਰ ਲਿਆ ਸੀ, ਸਾਡਾ ਇਰਾਦਾ ਨਹੀਂ ਅਸੀਂ ਉਥੇ ਹੀ ਵਿਚੇ ਹੀ - 'ਨਾ ਇਤਕੇ ਨਾ ਉਤਕੇ ਵਿਚੇ ਖਾਧੇ ਗੁਤਕੇ।' ਨਾ ਇਧਰ ਦੇ ਰਹਿੰਦੇ ਹਾਂ ਨਾ ਓਧਰ ਦੇ ਰਹਿੰਦੇ ਹਾਂ। ਵਿਚਾਲੇ-ਵਿਚਾਲੇ ਤੁਰੀ ਜਾਂਦੇ ਹਾਂ। ਚਲੋ ਅੱਛਾ ਮਨੁੱਖ ਜਾਮਾ ਤਾਂ ਮਿਲ ਹੀ ਜਾਏਗਾ। ਐਤਕੀਂ ਨਹੀਂ ਤਾਂ ਅਗਲੀ ਵਾਰੀ ਸਹੀ। ਮਹਾਰਾਜ ਕਹਿੰਦੇ, ਹੁਣੇ ਕਰ ਲੈ। ਪਤਾ ਨਹੀਂ ਕਿਹੜੇ ਗਰੀਬ ਦੇ ਘਰ ਜਨਮ ਹੋਵੇ, ਟੋਕਰੀਆਂ ਹੀ ਢੋਈ ਜਾਵੇਂ। ਬੀਜਿਆ ਨਹੀਂ ਹਾਲੇ ਕੁਛ। ਜੇ ਆਉਣਾ ਫੇਰ ਬੀਜ ਲਓ ਭਾਈ, ਖੁੱਲ੍ਹਾ ਬੀਜ ਲਓ। ਕੱਪੜੇ ਵੀ ਬੀਜ ਲਓ, ਪੈਸੇ ਵੀ ਬੀਜ ਲਓ, ਦਾਣੇ ਵੀ ਬੀਜ ਲਓ। ਘਰ ਵੀ ਬੀਜ ਲਓ, ਥਾਉਂ ਵੀ, ਜ਼ਮੀਨ, ਜਾਇਦਾਦ ਵੀ ਬੀਜ ਲਓ। ਫੇਰ ਬੇਅੰਤ ਤਾਂ ਮਿਲੇ ਖੁਲ੍ਹ ਤਾਂ ਮਿਲੇ ਪਰ ਉਹਦੇ ਵਿਚ ਖਤਰਾ ਹੈ। ਮਾਇਆ ਬਹੁਤੀ ਮਿਲ ਗਈ, ਮਨ ਵਿਚਲਿਤ ਹੋ ਜਾਂਦਾ ਹੈ। ਹੁਣੇ ਹੋ ਜਾਵੇ ਹੁਣੇ ਹੀ ਪ੍ਰਦੂਸ਼ਨ ਆ ਜਾਏਗਾ। ਕਿਉਂਕਿ ਇਹ ਅਭਿਮਾਨ ਹੁੰਦੇ ਨੇ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਠੱਗ ਮਿਲ ਜਾਂਦੇ ਨੇ। ਠੱਗਾਂ 'ਚੋਂ ਨਿਕਲਣਾ ਫੇਰ ਔਖਾ ਹੋ ਜਾਂਦਾ ਹੈ। ਸੋ ਚਲੋ ਫੇਰ ਵੀ ਪਰਮੇਸ਼ਰ ਦਾ ਭਜਨ ਕਰੋ। ਦਿਲ ਦੇ ਵਿਚ ਰੱਖੋ ਕਿ ਐਤਕੀਂ ਨਹੀਂ ਮੁਕਾਇਆ ਅਗਲੇ ਜਨਮ ਮੁਕਾ ਲਵਾਂਗੇ। ਅਗਲੇ ਨਹੀਂ ਮੁਕਾਇਆ, ਅਗਲੇ 'ਚ ਮੁਕਾ ਲਵਾਂਗੇ। ਇਕ ਅਰਦਾਸ ਹੋਵੇ ਪਾਤਸ਼ਾਹ! ਜੇ ਜਨਮ ਦੇਣਾ ਹੈ ਤਾਂ ਆਪਣੇ ਲੜ ਲਾ ਕੇ ਰੱਖੀਂ। ਕਿਤੇ ਦੇਖ ਲੈ ਜਿਥੇ ਤੇਰਾ ਜੀਅ ਕਰਦੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਾ ਤੋੜੀਂ। ਇਹਦੀ ਬਾਣੀ ਤੋਂ ਨਾ ਤੋੜੀਂ। ਇਹ ਐਨੀ ਸਪੱਸ਼ਟ ਤੇ ਸਰਲ ਹੈ ਕਿ ਕੋਈ ਵੀ ਇਹਦੇ ਵਿਚ ਉਲਝਣਬਾਜ਼ੀ ਨਹੀਂ। ਜਦ ਆਪਾਂ ਤਰਨੈ, ਇਹਦੇ ਵਿਚੋਂ ਤਰਨੈਂ।

ਸੋ ਇਸ ਕਰਕੇ ਕੋਸ਼ਿਸ਼ ਕਰੋ ਹੁਣੇ ਹੀ ਇਸੇ ਜਨਮ ਦੇ ਅੰਦਰ ਗੱਲ ਸਿਝੀ ਜਾਵੇ ਤਾਂ ਬਹੁਤ ਵਧੀਆ ਹੈ। ਜੇ ਨਹੀਂ ਸਿਝ ਹੁੰਦੀ ਚਲੋਂ ਅਗਲੇ ਜਨਮ ਦੀ ਆਸ ਰੱਖ ਲਓ। ਮਹਾਰਾਜ ਭਲਾ ਕਰਨਗੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ। ਗੁਰ ਸਤੋਤਰ 'ਚ ਬੋਲੋ।

ਹੁਕਮਨਾਮਾ

ਅਰਦਾਸ

ਸ੍ਰੀ ਗੁਰੂ ਨਾਨਕ ਦੇਵ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-36)

ਇਸ ਕਰਕੇ ਤੂੰ ਸੱਚ ਦੀ ਪੜ੍ਹਾਈ ਪੜ੍ਹ ਲੈ। ਸੱਚ ਦਾ ਲੇਖਾ ਲਿਖ ਲੈ। ਕਾਹਨੂੰ ਮੈਨੂੰ ਇਹਨਾਂ ਲੇਖਿਆਂ ਵਿਚ ਪਾਉਨੈਂ। ਐਨਾ ਕਹਿ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਨੈਣ ਬੰਦ ਹੋ ਗਏ। ਚੁੱਪ ਕਰ ਗਏ, ਸਮਾਧੀ ਲਗ ਗਈ। ਪਾਂਧਾ ਦੇਖ ਰਿਹੈ ਨੀਝ ਲਾ-ਲਾ ਕੇ। ਕਦੇ ਉਸ ਨੂੰ ਰੌਸ਼ਨੀ ਨਜ਼ਰ ਆਉਂਦੀ ਹੈ। ਆਲੇ-ਦੁਆਲੇ ਕੀ ਦੇਖਦੈ, ਰੋਸ਼ਨੀ ਦਾ ਚੱਕਰ ਹੋ ਗਿਆ। ਚੱਕਰ ਵਧਣ ਲਗ ਗਿਆ। ਦੂਰ ਤਕ ਰੋਸ਼ਨੀ ਹੀ ਰੋਸ਼ਨੀ ਹੋ ਗਈ। ਉਹਨੇ ਕਿਹਾ, ਮਨਾ! ਹੁਣ ਤੂੰ ਕਾਹਦਾ ਮਾਣ ਕਰਨੈਂ, ਉਤਰ ਜਾਹ ਚੌਂਕੀ ਤੋਂ। ਫੜ ਲੈ ਚਰਨ ਇਸ ਬਾਲਕ ਦੇ। ਸੱਚਮੁੱਚ ਹੀ ਇਹ ਪ੍ਰਮੇਸ਼ਰ ਹੈ। ਐਨੀ ਬੁੱਧੀ ਮੈਂ ਤਾਂ ਅੱਜ ਤੱਕ ਨਹੀਂ ਦੇਖੀ ਕਿਸੇ ਬੱਚੇ 'ਚ। ਮੈਂ ਬੁੱਢਾ ਹੋ ਗਿਆ, ਮੈਨੂੰ ਨਹੀਂ ਹੈ ਇਹਨਾਂ ਗੱਲਾਂ ਦਾ ਪਤਾ। ਇਹਨਾਂ ਨੇ ਤਾਂ ਮੈਨੂੰ ਰਸਤੇ ਪਾ ਦਿਤਾ। ਚਰਨ ਫੜ ਲੈਂਦੈ, ਹੇ ਨਾਨਕ! ਕ੍ਰਿਪਾ ਕਰੋ! ਮੈਨੂੰ ਇਹ ਲੇਖਾ ਲਿਖਣਾ ਸੱਚੀਮੁੱਚੀਂ ਦਸ ਦਿਓ। ਚਲਾ ਦਿਓ, ਮੇਰੇ ਹਿਰਦੇ ਦੇ ਉਤੇ ਕਲਮ ਵਹਿਣ ਲਗ ਜਾਵੇ, ਪਿਆਰ ਦੀ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕ੍ਰਿਪਾ ਕੀਤੀ, ਆਪਣੀ ਮੌਜ ਹੋਈ, ਨੇਤਰ ਖੁੱਲ੍ਹੇ, ਫੇਰ ਨਾ ਫੱਟੀ ਦੇਖੀ, ਨਾ ਬਸਤਾ ਦੇਖਿਆ, ਚੁੱਪ ਕਰਕੇ ਤੁਰ ਗਏ। ਘਰ ਆ ਜਾਂਦੇ ਨੇ।

ਦੂਜੇ-ਤੀਜੇ ਦਿਨ ਪਿਤਾ ਜੀ ਕਹਿਣ ਲੱਗੇ ਕਿ ਪੜ੍ਹਨ ਚਲੇ ਜਾਓ।

ਮਹਾਰਾਜ ਚਲੇ ਜਾਂਦੇ ਨੇ। ਹੁਣ ਪਾਧਾ ਡਰਦਾ ਹੈ, ਅਦਬ ਕਰਦੈ। ਕੀ ਦੇਖਦੈ ਕਿ ਅੱਜ (ਗੁਰੂ) ਨਾਨਕ ਜੀ ਨੇ ਫੱਟੀ ਨਹੀਂ ਦਿਖਾਈ। ਲਿਖੀ ਜਾਂਦੇ ਨੇ-ਲਿਖੀ ਜਾਂਦੇ ਨੇ। ਤਿੰਨ ਫੱਟੀਆਂ ਭਰ ਦਿਤੀਆਂ। ਉਸ ਨੇ ਬੜੇ ਪਿਆਰ ਨਾਲ ਪੁੱਛਿਆ, ਨਾਨਕ ਜੀ! ਤੁਸੀਂ ਅੱਜ ਕੀ ਲਿਖ ਰਹੇ ਹੋਂ? ਮੈਂ ਤਾਂ ਤੁਹਾਨੂੰ ਲਿਖਣ ਵਾਲੇ ਅੱਖਰ ਦੱਸੇ ਨਹੀਂ ਹਨ? ਤੁਸੀਂ ਤਾਂ ਇਬਾਰਤ ਲਿਖਦੇ ਤੁਰੇ ਜਾਂਦੇ ਹੋਂ। ਫੱਟੀ ਮਹਾਰਾਜ ਜੀ ਨੇ ਚੁੱਪ ਕਰਕੇ ਉਹਦੇ ਅੱਗੇ ਕਰ ਦਿਤੀ। ਪੜ੍ਹਨ ਲਗ ਗਿਆ -

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ .....॥
ਅੰਗ - ੪੩੨

ਪੱਟੀ ਹੈ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ। ਇਕੱਲੇ-ਇਕੱਲੇ ਅੱਖਰ ਦਾ ਅਰਥ ਮਹਾਰਾਜ ਲਿਖਣ ਲਗ ਗਏ। ਨਮਸ਼ਕਾਰ ਕਰ ਦਿਤੀ, ਹੇ ਨਾਨਕ! ਹੁਣ ਤਾਂ ਤੁਸੀਂ ਮੈਨੂੰ ਪੜ੍ਹਾਓ। ਮੈਂ ਨਹੀਂ ਤੁਹਾਨੂੰ ਪੜ੍ਹਾਉਂਦਾ।

ਘਰ ਆ ਜਾਂਦੇ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ। ਫੇਰ ਉਸੇ ਤਰ੍ਹਾਂ ਹੋ ਗਿਆ, ਕਦੇ ਚੁੱਪ ਕਰ ਰਹਿੰਦੇ ਨੇ, ਹਫਤਾ-ਹਫਤਾ ਬੋਲਦੇ ਨਹੀਂ। ਮੌਜ ਆ ਜਾਵੇ, ਬੋਲ ਪੈਂਦੇ, ਨਹੀਂ ਤਾਂ ਨਹੀਂ ਬੋਲਦੇ। ਚੁੱਪ ਰਹਿੰਦੇ ਨੇ। ਜੰਗਲ ਨੂੰ ਚਲੇ ਜਾਂਦੇ ਨੇ।

ਬਾਬਾ ਮਹਿਤਾ ਕਾਲੂ ਜੀ ਪਾਧੇ ਕੋਲ ਫੇਰ ਗਏ ਜਿਹਨੇ ਪੱਤਰੀ ਲਿਖੀ ਸੀ। ਪੰਡਤ ਹਰਦਿਆਲ ਉਹਦਾ ਨਾਉਂ ਸੀ।

ਕਹਿਣ ਲੱਗੇ, ਪਾਧਾ ਜੀ! ਤੁਸੀਂ ਚੰਗੀ ਪੱਤਰੀ ਲਿਖੀ ਹੈ, ਹਿਸਾਬ ਕਿਤਾਬ ਦੀ। ਇਹਨੂੰ ਪੜ੍ਹਨ ਲਾਇਆ ਸੀ, ਪੜ੍ਹਦਾ ਨਹੀਂ ਹੈ। ਪਾਧਾ ਕਹਿੰਦਾ, ਇਹ ਤਾਂ ਮੈਨੂੰ ਹੀ ਪੜ੍ਹਾ ਗਿਆ। ਉਹ ਵੀ ਟਿਚਰਾਂ ਕਰਦੈ, ਮਖੌਲ ਕਰਦੈ। ਮੈਂ ਕਿਹਾ, ਨਾ ਪਾਧਾ ਜੀ ਤੁਸੀਂ ਪੜ੍ਹਾ ਦਿਓ। ਕਹਿੰਦਾ, ਨਾ, ਇਹ ਤਾਂ ਮੈਨੂੰ ਪੜ੍ਹਾ ਗਏ। ਮੈਂ ਇਹਨਾਂ ਨੂੰ ਕੀ ਪੜ੍ਹਾਵਾਂ? ਕੋਈ ਬਾਲਕ ਹੋਵੇ ਮੈਂ ਪੜ੍ਹਾ ਦੇਵਾਂ, ਇਹ ਬਾਲਕ ਥੋੜ੍ਹਾ ਹੈ। ਤੇਰੇ ਨੇਤਰ ਬੰਦ ਨੇ, ਇਹ ਤਾਂ ਤੇਰੇ ਘਰ ਵਿਚ ਆਪ ਪ੍ਰਮੇਸ਼ਰ ਪ੍ਰਗਟ ਹੋਇਆ ਹੈ। ਕਹਿੰਦੇ, ਮੈਨੂੰ ਮਖੌਲ ਕਰਦੇ ਨੇ ਸਾਰੇ।

ਕਹਿਣ ਲੱਗਿਆ, ਬਾਬਾ ਮਹਿਤਾ ਜੀ! ਕਾਹਲੇ ਨਾ ਪਵੋ, ਸਮਾਂ ਆਏਗਾ, ਜਦੋਂ ਇਹਨਾਂ ਨੇ ਪ੍ਰਗਟ ਹੋ ਜਾਣੈ। ਤੁਸੀਂ ਹੋਰ ਥਾਂ ਲਾ ਦਿਓ। ਜੇ ਇਹ ਨਹੀਂ ਪੜ੍ਹਨਾ, ਤਾਂ ਫਾਰਸੀ ਪੜ੍ਹਨ ਲਾ ਦਿਓ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਫਾਰਸੀ ਪੜ੍ਹਨ ਵਾਸਤੇ ਸੱਯਦ ਕੋਲ ਲੈ ਜਾਂਦੇ ਨੇ। ਸੱਯਦ ਨੂੰ ਕਹਿਣ ਲੱਗੇ ਕਿ ਇਹਨਾਂ ਨੂੰ ਫਾਰਸੀ ਪੜ੍ਹਾ ਦਿਓ, ਕੁਰਾਨ ਸਰੀਫ ਪੜ੍ਹਾ ਦਿਓ, ਅਰਬੀ ਪੜ੍ਹਾ ਦਿਓ। ਐਨ ਤਾਕ ਬਣਾ ਦਿਓ। ਥੋੜ੍ਹੇ ਦਿਨ ਮਹਾਰਾਜ ਗਏ ਉਥੇ।

ਜਿਹੜਾ ਕੁਛ ਉਹ ਦੱਸੇ ਉਦੋਂ ਹੀ ਸੁਣਾ ਦੇਣ।

ਮੁੱਲਾਂ ਕਹਿਣ ਲੱਗਿਆ ਕਿ ਐਨਾ ਹੁਸ਼ਿਆਰ ਬੱਚਾ?

ਅਜੇ ਮੇਰੇ ਮੂੰਹੋਂ ਨਿਕਲਦੈ। ਮੈਂ ਸਾਰਾ ਪੜ੍ਹ ਕੇ ਸੁਣਾਉਂਦਾ ਹਾਂ ਤੇ ਨਾਲ ਦੀ ਨਾਲ ਹੀ ਸੁਣਾ ਦਿੰਦਾ ਹੈ ਮੈਨੂੰ। ਮੈਂ ਇਹਨਾਂ ਨੂੰ ਕੀ ਪੜ੍ਹਾਵਾਂ?

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕ੍ਰਿਪਾ ਕੀਤੀ, ਸੇਹ-ਅਰਫ਼ੀ ਲਿਖ ਦਿਤੀ। ਸਾਰੇ ਅੱਖਰਾਂ ਦੇ ਅੱਗੇ ਉਹਦੇ ਮਤਲਬ ਨਾਲ ਲਿਖ ਦਿਤੇ। ਉਹ ਸੇਹ-ਅਰਫ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਹੈ। ਮੁੱਲਾਂ ਨੇ ਵੀ ਮੱਥਾ ਟੇਕ ਦਿਤਾ। ਸਿਜਦਾ ਕਰ ਦਿਤਾ ਤੇ ਕਿਹਾ ਹੇ ਨਾਨਕ! ਤੁਸੀਂ ਪੜ੍ਹੇ-ਪੜ੍ਹਾਏ ਆਏ ਹੋਂ, ਤੁਹਾਨੂੰ ਕੋਈ ਨਹੀਂ ਪੜ੍ਹਾ ਸਕਦਾ। ਮੁੜ ਕੇ ਸ੍ਰੀ ਗੁਰੂ ਨਾਨਕ ਜੀ ਫੇਰ ਜੰਗਲਾਂ 'ਚ ਆਉਣ ਲਗ ਗਏ। ਫੇਰ ਬਾਬਾ ਮਹਿਤਾ ਜੀ ਦੁਖੀ ਹੋ ਗਏ। ਫੇਰ ਪਾਧੇ ਕੋਲ ਗਏ। ਤਾਂ ਉਸ ਵੇਲੇ ਪਾਧਾ ਜੀ ਨੇ ਕਿਹਾ ਜੇ ਇਹ ਛੋਟੀਆਂ ਵਿਦਿਆ ਜਲਦੀ ਪੜ੍ਹ ਲੈਂਦੇ ਹਨ ਤਾਂ ਸੰਸਕ੍ਰਿਤ ਤਾਂ ਪੰਜਾਹ-ਪੰਜਾਹ ਸਾਲ ਨਹੀਂ ਆਉਂਦੀ। 26 ਸਾਲ 'ਚ ਤਾਂ ਵਿਆਕਰਣ ਹੀ ਸਿੱਖ ਹੁੰਦੀ ਹੈ। ਔਖੀ ਵਿਦਿਆ 'ਤੇ ਲਾ ਦੇ ਇਹਨੂੰ।

ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਬ੍ਰਿਜ ਲਾਲ ਦੇ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ। ਥੋੜ੍ਹੇ ਜਿਹੇ ਦਿਨ ਹੋਏ ਇਕ ਕਾਗਜ਼ ਚੁੱਕੀਂ ਫਿਰਨ। ਸੰਸਕ੍ਰਿਤ ਦੇ ਅੱਖਰ ਦੱਸ ਦਿਤੇ ਉਹਨੇ। ਉਸ ਤੋਂ ਬਾਅਦ ਇਕ ਕਾਗਜ਼ ਚੁੱਕੀਂ ਫਿਰਨ।

ਕਹਿੰਦੇ, ਨਾਨਕ ਜੀ! ਆਹ ਕੀ ਹੈ?

ਕਹਿੰਦੇ, ਤੁਸੀਂ ਲਿਖਿਆ ਹੈ ਇਹ?

ਕਹਿੰਦੇ, ਹਾਂ ਪਿਤਾ ਜੀ, ਮੈਂ ਲਿਖਿਆ ਹੈ।

ਕਹਿੰਦੇ, ਇਹ ਕੀ ਹੈ?

ਕਹਿੰਦੇ, ਸਪਤ ਸਲੋਕੀ ਗੀਤਾ ਲਿਖੀ ਹੈ। ਸੱਤ ਸਲੋਕਾਂ ਦੇ ਵਿਚ ਸਾਰੀ ਗੀਤਾ ਨੂੰ ਬੰਦ ਕਰ ਦਿਤਾ। ਹੈਰਾਨ ਹੋ ਗਿਆ। ਕਹਿੰਦਾ, ਤੁਸੀਂ ਲਿਖੀ ਹੈ?

ਕਹਿੰਦੇ, ਤੁਸੀਂ ਯਾਦ ਕੀਤੀ ਹੈ?

ਕਹਿੰਦੇ, ਨਹੀਂ ਪਿਤਾ ਜੀ, ਲਿਖੀ ਹੀ ਮੈਂ ਹੈ। ਕਾਗਜ਼ ਫੜ੍ਹ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬ੍ਰਿਜ ਲਾਲ ਦੇ ਪਾਸ ਲੈ ਗਏ। ਕਹਿਣ ਲੱਗੇ, ਪੰਡਤ ਜੀ! ਆਹ ਦੇਖਿਓ ਤਾਂ ਕਾਗਜ਼ ਨਾਨਕ ਜੀ ਦਾ ਹੈ।

ਕਹਿੰਦੇ, ਹਾਂ। ਹੈਰਾਨ ਹੋ ਗਿਆ ਕਿ ਨਾਨਕ ਜੀ ਨੇ ਸਪਤ ਸਲੋਕੀ ਗੀਤਾ ਲਿਖ ਦਿਤੀ।

ਕਹਿੰਦੇ, ਹੇ ਨਾਨਕ! ਇਹਦੇ ਅਰਥ ਵੀ ਜਾਣਦੈਂ?

ਅਰਥ ਕਰ ਦਿਤੇ, ਇਹ ਜਿਹੜਾ ਬ੍ਰਿਜ ਲਾਲ ਸੀ, ਚਰਨਾਂ 'ਤੇ ਢਹਿ ਪਿਆ।

ਕਹਿੰਦਾ, ਬਾਬਾ ਮਹਿਤਾ ਜੀ! ਨਾਨਕ ਜੀ, ਕੋਈ ਮਾਮੂਲੀ ਨਹੀਂ। ਤੁਸੀਂ ਇਸ ਨੂੰ ਸਮਝਣ ਦਾ ਯਤਨ ਕਰੋ। ਇਹ ਤਾਂ ਬਹੁਤ ਵੱਡੇ ਨੇ।

ਲੇਕਿਨ ਉਹਨਾਂ ਦਾ ਮਨ ਨਹੀਂ ਆਉਂਦਾ। ਮਾਂ-ਬਾਪ ਕਦੇ ਵੀ ਆਪਣੇ ਪੁੱਤ ਨੂੰ ਨਹੀਂ ਮੰਨਣਗੇ ਕਿ ਮੇਰਾ ਪੁੱਤਰ ਸਾਧੂ ਹੈ, ਕਰਨੀ ਕਮਾਈ ਵਾਲਾ। ਹੋਏਗਾ ਕੋਈ ਵਿਰਲਾ ਮਾਂ-ਬਾਪ ਜਿਹਦੇ ਉਤੇ ਮਾਇਆ ਨਾ ਹੋਵੇ। ਭਰਾ-ਭਾਈ ਨਹੀਂ ਮੰਨਦੇ ਹੁੰਦੇ, ਘਰ ਦਾ ਪਰਿਵਾਰ ਨਹੀਂ ਮੰਨਦਾ ਹੁੰਦਾ। ਮਿੱਤਰ-ਦੋਸਤ ਨਹੀਂ ਮੰਨਦੇ ਹੁੰਦੇ। ਪਿੰਡ ਵਾਲੇ ਨਹੀਂ ਮੰਨਦੇ ਹੁੰਦੇ। ਬਾਕੀ ਸੰਸਾਰ ਨੂੰ ਸੋਝੀ ਆ ਜਾਂਦੀ ਹੈ। ਉਹ ਮੰਨ ਜਾਂਦੇ ਨੇ। ਇਸੇ ਕਰਕੇ ਕਹਿੰਦੇ ਨੇ -

ਘਰ ਕਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।

ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਿੱਥੇ ਲਾਉਣ, ਉਹ ਤਾਂ ਪੜ੍ਹ ਆਏ ਸਾਰੀਆਂ ਪੜ੍ਹਾਈਆਂ। ਸਾਰਿਆਂ ਨੇ ਕਹਿ ਦਿਤਾ ਕਿ ਸਾਡੇ ਕੋਲ ਇਸ ਤੋਂ ਅਗਾਂਹਾਂ ਪੜ੍ਹਾਈ ਨਹੀਂ ਇਹਨਾਂ ਨੂੰ ਪੜ੍ਹਾਉਣ ਵਾਲੀ। ਜਿਹੜਾ ਕੁਛ ਇਹਨਾਂ ਨੇ ਪੜ੍ਹਨਾ ਸੀ, ਉਹ ਤਾਂ ਪਹਿਲਾਂ ਹੀ ਪੜ੍ਹੇ ਨੇ, ਇਹ ਤਾਂ ਸਾਨੂੰ ਪੜ੍ਹਾ ਰਹੇ ਨੇ।

ਬਾਬਾ ਮਹਿਤਾ ਜੀ ਨੂੰ ਇਸ ਤਰ੍ਹਾਂ ਲੱਗਿਆ ਕਿ ਮੇਰੇ ਨਾਲ ਸਾਰੇ ਐਵੇਂ ਹੀ ਗੱਲਾਂ ਕਰਦੇ ਨੇ, ਉਤਲੀਆਂ-ਉਤਲੀਆਂ।

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨਹੀਂ ਕਿਤੇ ਜਾਂਦੇ, ਨਾ ਬੋਲਦੇ ਨੇ, ਜੰਗਲ 'ਚ ਚਲੇ ਗਏ, ਉਥੇ ਹੀ ਸ਼ਾਮ ਤਕ ਰਹਿੰਦੇ ਨੇ। ਘਰੋਂ ਕੋਈ ਚੀਜ਼ ਲੈ ਕੇ, ਬਾਹਰ ਹੀ ਛੱਡ ਆਉਂਦੇ ਨੇ। ਕੱਪੜਾ ਲੀੜਾ ਲੈ ਆਉਂਦੇ ਨੇ, ਬਾਹਰ ਹੀ ਦੇ ਆਉਂਦੇ ਸਾਧੂ-ਸੰਤਾਂ ਨੂੰ। ਬੜਾ ਨੁਕਸਾਨ ਹੋਣ ਲਗ ਗਿਆ। ਬੋਲਦੇ ਹੈ ਨਹੀਂ, ਬੁਲਾਈ ਜਾਂਦੇ ਨੇ ਸਭ। ਸੱਤ-ਸੱਤ ਦਿਨ ਰੋਟੀ ਨਹੀਂ ਖਾਂਦੇ। ਸਾਰਾ ਭਾਈਚਾਰਾ ਇਕੱਠਾ ਹੋਇਆ, ਕਹਿੰਦੇ ਮਹਿਤਾ ਜੀ! ਸਾਨੂੰ ਤਾਂ ਇਸ ਤਰ੍ਹਾਂ ਲਗਦੈ ਕਿ ਕੋਈ ਛਾਇਆ ਹੋ ਗਈ ਇਹਨਾਂ ਨੂੰ। ਕੋਈ ਭੂਤ-ਪ੍ਰੇਤ ਆ ਗਿਆ ਜਿਨ੍ਹਾਂ ਨੇ ਇਹਨਾਂ ਨੂੰ ਫੜ ਲਿਆ। ਨਹੀਂ ਤਾਂ ਇਸ ਉਮਰ ਦੇ ਬੱਚੇ ਤਾਂ ਖੇਲ੍ਹਦੇ

ਫਿਰਦੇ ਨੇ। ਤੁਸੀਂ ਇਸ ਤਰ੍ਹਾਂ ਕਰੋ ਕਿਸੇ ਸਿਆਣੇ ਨੂੰ ਲਿਆਓ। ਕੋਈ ਮੰਤਰ ਵਗੈਰਾ ਕਰਾਓ। ਜਿਹੜਾ ਇਹਨਾਂ ਦੇ ਉਤੋਂ ਛਾਇਆ ਹਟਾਵੇ। ਓਸ ਵੇਲੇ ਉਸੇ ਮੁੱਲਾਂ ਨੂੰ ਜਿਹਦੇ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ ਪੜ੍ਹਦੇ ਸੀ। ਕਿਉਂਕਿ ਮੁੱਲਾਂ ਇਹ ਕੰਮ ਕਰਿਆ ਕਰਦੇ ਸੀ ਮੰਤਰਾਂ-ਜੰਤਰਾਂ ਦੇ। ਉਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਲੈ ਆਇਆ। ਮੁੱਲਾਂ ਹੱਥ ਹਉਲੇ ਕਰੀ ਜਾਂਦੈ। ਕਦੇ ਧਾਗਾ ਬੰਨਦੈ, ਕਦੇ ਮੰਤਰ ਕਰਦੈ, ਕਦੇ ਗੇੜੇ ਕੱਢਦੈ, ਬਹੁਤ ਕੁਛ ਕਰਿਆ ਉਸ ਨੇ। ਕਦੇ ਛਾਲਾਂ ਮਾਰਦਾ ਜਾਂਦੈ, ਬੈਠ ਕੇ ਛੜੱਪੇ ਮਾਰਦੈ, ਦਰਖ਼ਤ 'ਚ ਜਾ ਕੇ ਮੇਖ ਗੱਡ ਆਉਂਦਾ। ਬਾਬਾ ਮਹਿਤਾ ਕਾਲੂ ਜੀ ਦੇਖਦੇ ਨੇ ਕਹਿੰਦੇ, ਕਿਉਂ ਮੁੱਲਾਂ ਜੀ, ਬੰਨ ਦਿਤੀ, ਕਹਿੰਦਾ, ਹੁਣ ਨਹੀਂ ਜਾ ਸਕਦੀ। ਜਦੋਂ ਉਧਰ ਆਉਂਦਾ, ਸ੍ਰੀ ਗੁਰੂ ਨਾਨਕ ਦੇਵ ਜੀ ਚੁੱਪ ਨੇ। ਗੱਲ ਹੀ ਨਹੀਂ ਕਰਦੇ। ਫੇਰ ਕਹਿਣ ਲੱਗਿਆ, ਮੇਰੇ ਵਸ ਦਾ ਤਾਂ ਹੈ ਨਹੀਂ। ਖਿਆਲ ਆ ਗਿਆ ਕਿ ਨਾਨਕ ਜੀ! ਮਾਮੂਲੀ ਮਨੁੱਖ ਨਹੀਂ ਹਨ। ਜਿਹੜੀਆਂ ਗੱਲਾਂ ਅਸੀਂ ਸੁਣਦੇ ਹਾਂ, ਗੱਲ ਓਹੀ ਹੈ। ਉਸ ਵੇਲੇ ਉਸ ਨੇ ਬੇਨਤੀ ਕੀਤੀ, ਹੇ ਨਾਨਕ ਜੀ! ਜਿਸ ਖੁਦਾ ਨੂੰ ਤੁਸੀਂ ਮੰਨਦੇ ਹੋਂ, ਜਿਸਦੇ ਪਿਆਰ ਵਿਚ ਤੁਸੀਂ ਮਸਤ ਹੋਂ, ਕ੍ਰਿਪਾ ਕਰੋ ਤੁਸੀਂ ਉਸ ਦੇ ਵਾਸਤੇ ਹੀ ਮੇਰੇ ਨਾਲ ਗੱਲ ਤਾਂ ਕਰ ਲਓ।

ਉਸੇ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਉਠ ਕੇ ਬੈਠ ਗਏ, ਨੇਤਰ ਖੋਲ੍ਹ ਲਏ ਤੇ ਮੁਸਕਰਾਉਣ ਲਗ ਗਏ।

ਕਹਿੰਦਾ, ਹੇ ਨਾਨਕ! ਤੁਸੀਂ ਬੋਲਦੇ ਕਿਉਂ ਨਹੀਂ?

ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਬਚਨ ਕਿਹਾ -

ਧਾਰਨਾ - ਚੰਦ ਰੋਜ਼ ਹੈ ਮੇਲਾ ਇਸ ਜਗ ਦਾ,
ਸਦਾ ਇਥੇ ਕੋਈ ਨਾ ਰਿਹਾ।
ਧਾਰਨਾ - ਚੰਦ ਰੋਜ਼ ਦਾ ਪ੍ਰਾਹੁਣਾ ਆਇਆ ਜਗ 'ਤੇ,
ਦਾਅਵੇ ਬੰਨ੍ਹੇ ਮੁੱਦਤਾਂ ਦੇ।
ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,
ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ।
ਬਡੇ ਬਡੇ ਰਾਜਨ ਕੋ ਦਾਬਤ ਫਿਰਤਿ ਦੇਸ,
ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ।
ਮਾਨ ਸੇ ਮਹੀਪ ਔਂ ਦਿਲੀਪ ਕੇ ਸੇ ਛਤ੍ਰਧਾਰੀ,
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ।
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਦਾਰੀ,
ਭੋਗ ਭੋਗ ਭੂਮ ਅੰਤ ਭੂਮ ਮੈਂ ਮਿਲਤ ਹੈਂ॥
(ਕਬਿੱਤ ਅਕਾਲ ਉਸਤਤਿ)

ਮਹਾਰਾਜ ਕਹਿਣ ਲੱਗੇ, ਮੁੱਲਾਂ! ਸੰਸਾਰ ਰਹਿਣ ਦਾ ਥਾਂ ਨਹੀਂ ਹੈ।

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੁਇ ਅਜਰਾਈਲ
ਗਿਰਫਤਹ ਦਿਲ ਹੇਚਿ ਨ ਦਾਨੀ ॥ ੧ ॥ ਰਹਾਉ ॥
ਅੰਗ - ੭੨੧

ਕਹਿੰਦੇ, ਆਦਮੀ ਇਹੋ ਜਿਹਾ ਮੁਨਕਰ ਹੈ ਕਿ ਅਜਰਾਈਲ ਨੇ ਕੇਸਾਂ ਨੂੰ ਤਾ ਫੜਿਆ ਹੋਇਆ ਹੈ। ਪਰ ਇਹ ਅਗਾਂਹਾਂ ਹੀ ਅਗਾਂਹਾਂ ਜਾਂਦਾ ਹੈ। ਸੱਪ ਦੇ ਮੂੰਹ ਵਿਚ ਡੱਡੂ ਆਇਆ ਹੋਇਆ ਹੈ। ਮੱਛਰ ਕੋਲ ਆ ਗਿਆ, ਡੱਡੂ ਅਜੇ ਵੀ ਮੂੰਹ ਅੱਡਦੈ ਕਿ ਮੱਛਰ ਫੜ ਲਵਾਂ। ਕਾਲ ਨੇ ਕਹਿੰਦੇ, ਇਹਦੇ ਕੇਸ ਫੜੇ ਹੋਏ ਨੇ। ਇਹ ਜਿਹੜਾ ਦਿਲ ਹੈ ਇਹਨੇ ਜਾਣਿਆ ਨਹੀਂ ਹੈ ਇਸ ਗੱਲ ਨੂੰ।

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਅੰਗ - ੭੨੧

ਭਰਾ, ਭਾਈ, ਪੁੱਤਰ, ਮਾਂ-ਪਿਓ ਕੋਈ ਨਹੀਂ ਬਾਂਹ ਫੜ ਸਕਦਾ।

ਆਖਿਰ ਬਿਅਫਤਮ ਕਸ ਨ ਦਾਰਦ ਚੂੰ
ਸਵਦ ਤਕਬੀਰ ॥ ੨ ॥ *ਅੰਗ - ੭੨੧*

ਅਖੀਰ ਦੇ ਉਤੇ ਕੀ ਕਰਿਆ ਜਾਏਗਾ?

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਅੰਗ- ੭੨੧

ਦਿਨ ਲੰਘ ਜਾਂਦਾ ਹੈ, ਰਾਤ ਲੰਘ ਜਾਂਦੀ ਹੈ ਲੇਕਿਨ ਅੰਦਰਲੇ ਪਾਸੇ ਬਦੀਆਂ ਦੇ ਖਿਆਲ ਤੁਰੇ ਫਿਰਦੇ ਨੇ।

ਗਾਹੇ ਨ ਨੇਕੀ ਕਾਰ ਕਰਦਮ
ਮਮ ਈਂ ਚਿਨੀ ਅਹਵਾਲ ॥ ੩ ॥ *ਅੰਗ - ੭੨੧*

ਕਦੇ ਨੇਕੀ ਦਾ ਕੰਮ ਨਹੀਂ ਕਰਦਾ। ਆਹ ਹਾਲ ਸਾਡਾ ਹੋ ਰਿਹੈ -

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਅੰਗ- ੭੨੧

ਜਿਸ ਵਕਤ ਹਿਸਾਬ-ਕਿਤਾਬ ਹੋਏਗਾ ਸਾਡੇ ਵਰਗੇ ਮਾੜੇ ਬੰਦੇ, ਬਖੀਲੀਆਂ ਕਰਨ ਵਾਲੇ, ਗਫਲਤ ਕਰਨ ਵਾਲੇ, ਉਥੇ ਕੀ ਬਣੇਗਾ ਉਹਨਾਂ ਦੇ ਨਾਲ -

ਨਾਨਕ ਬੁਗੋਯਦ ਜਨੁ ਤੁਰਾ
ਤੇਰੇ ਚਾਕਰਾਂ ਪਾ ਖਾਕ ॥ *ਅੰਗ- ੭੨੧*

ਜਦੋਂ ਵੈਰਾਗ ਦਾ ਸ਼ਬਦ ਮੁੱਲਾਂ ਨੇ ਸੁਣਿਆ।

ਸਿਜਦਾ ਕਰ ਦਿਤਾ ਨਾਨਕ ਜੀ ਨੂੰ। ਹੇ ਨਾਨਕ ਜੀ! ਤੇਰੀਆਂ ਤੂੰ ਜਾਣ, ਪਰ ਹੁਣ ਮੈਨੂੰ ਨਾ ਭੁਲੇਖਾ ਪਾ। ਕ੍ਰਿਪਾ ਕਰ –

ਧਾਰਨਾ – ਮੈਨੂੰ ਆਪਣਾ ਬਣਾ ਲੈ ਮੇਰੇ ਮਾਲਕਾ,
ਜੰਮਣ ਮਰਨਾ ਮੇਰਾ ਕੱਟ ਦੇ।

ਸਿਜਦਾ ਕਰ ਰਿਹੈ। ਗੋਡਿਆਂ ਭਾਰ ਬੈਠਾ ਹੈ। ਸਿਰ ਝੁਕਿਆ ਹੋਇਐ। ਕਹਿਣ ਲੱਗਿਆ, ਹੇ ਨਾਨਕ ਜੀ! ਭਾਵੇਂ ਮੇਰਾ ਸਰੀਰ ਮੁਸਲਮਾਨ ਦਾ ਹੈ। ਪਰ ਤੁਸੀਂ ਅੱਲਾਹ ਤਾਲਾ ਦੀ ਖਾਸ ਜਾਤ ਹੋਂ। ਮੇਰੇ ਗਰੀਬ ਦੇ ਉਤੇ ਕ੍ਰਿਪਾ ਕਰੋ। ਮੈਨੂੰ ਨਾ ਹੁਣ ਭੁਲੇਖਾ ਪਾਇਓ।

ਚਰਨ ਸ਼ਰਨ ਮੈਂ ਕੀਨੋ ਪਰਨਾ।
ਸ੍ਰੀ ਗੁਰ ਨਾਨਕ ਪ੍ਰਕਾਸ਼

ਹੇ ਨਾਨਕ! ਮੈਂ ਹੁਣ ਤੁਹਾਡੇ ਚਰਨਾਂ 'ਤੇ ਡਿੱਗ ਗਿਆ। ਮੇਰਾ ਇਹੀ ਆਸਰਾ ਰਹਿ ਗਿਆ।

ਹਰਹੁ ਮੋਹਿ ਜਗ ਜਨਮ ਜੁ ਮਰਨਾ।
ਸ੍ਰੀ ਗੁਰ ਨਾਨਕ ਪ੍ਰਕਾਸ਼

ਹੁਣ ਕ੍ਰਿਪਾ ਕਰ ਦਿਓ ਮੈਂ ਫੇਰ ਗਰਭ ਜੂਨੀ ਵਿਚ ਨਾ ਆਵਾਂ। ਤੁਸੀਂ ਛੋਟੇ ਜਿਹੇ ਬੱਚੇ ਨਹੀਂ ਹੋ, ਦੇਖਣ ਵਾਲਿਆਂ ਨੂੰ, ਅੰਨ੍ਹਿਆਂ ਨੂੰ, ਤੁਸੀਂ ਛੋਟੇ ਬੱਚੇ ਲਗਦੇ ਹੋ, ਮੈਂ ਇਹ ਦੇਖ ਲਿਆ ਕਿ ਤੁਹਾਡੇ ਜਿੱਡਾ ਵੱਡਾ ਅੱਜ ਸੰਸਾਰ 'ਤੇ ਕੋਈ ਹੈ ਨਹੀਂ –

ਬ੍ਰਿੱਧਨ ਤੇ ਤੁਮ ਬ੍ਰਿੱਧ ਵਡੇਰੇ।
ਕਰਿ ਉਪਦੇਸ਼ ਕਟਹੁ ਦੁਖ ਮੇਰੇ। ਸ੍ਰੀ ਗੁਰ ਨਾਨਕ ਪ੍ਰਕਾਸ਼

ਹੁਣ ਮੈਨੂੰ ਉਪਦੇਸ਼ ਕਰ ਦਿਓ ਜਿਹੜੇ ਪੂਰੇ ਸਤਿਗੁਰੂ ਕਰਦੇ ਨੇ। ਕਾਮਲ ਮੁਰਸ਼ਦ ਹੋ ਤੁਸੀਂ ਤੇ ਮੈਂ ਇਕ ਅਦਨਾ ਜਿਹਾ ਜੀਵ ਹਾਂ।

ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ –

ਸੱਤਿਨਾਮ ਇਕ ਚਿਤ ਲਿਵਲਾਈ।ਸ੍ਰੀ ਗੁਰ ਨਾਨਕ ਪ੍ਰਕਾਸ਼

ਹੇ ਮੁੱਲਾ ਜੀ! ਕਹੁ ਵਾਹਿਗੁਰੂ।

ਵਾਹਿਗੁਰੂ ਕਹਾ ਦਿਤਾ, ਹੁਣ ਇਕ ਚਿੱਤ ਹੋ ਕੇ ਇਹਦੇ ਨਾਲ ਲਿਵ ਲਾ ਲਈਂ। ਦੇਖੀਂ ਭੁੱਲੀਂ ਨਾ 24 ਘੰਟਿਆਂ 'ਚ। ਜਦੋਂ ਨੀਂਦ ਆਈ ਤੇਰੇ ਸੁਪਨਿਆਂ ਵਿਚ ਵੀ ਤੂੰ ਨਾਮ ਜਪੇਂਗਾ। ਤੈਨੂੰ ਜਾਗ ਆ ਜਾਏਗੀ ਅੰਦਰਲੀ। ਸਰੀਰ ਤੋਂ ਤੂੰ ਸੁੱਤਾ ਪਿਆ ਹੋਏਂਗਾ। ਤੇਰੀ ਸੁਰਤ ਜਾਗਦੀ ਹੋਏਗੀ ਤੇ ਤੂੰ ਉਥੇ ਨਾਮ ਜਪੇਂਗਾ। ਇਹਨੂੰ ਲਿਵ ਕਹਿੰਦੇ ਨੇ। 'ਸਤਿਨਾਮੁ ਇਕ ਚਿਤ ਲਿਵਲਾਈ।' ਚਿੱਤ ਨੂੰ ਇਕ ਕਰ ਲਈਂ। ਜੇ ਚਿਤ ਇਕ ਹੋ ਜਾਵੇ –

ਏਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ।

ਇਕ ਚਿੱਤ ਹੋ ਕੇ ਜਿਹਨੇ ਵਾਹਿਗੁਰੂ ਨੂੰ ਅੱਖ ਦੇ ਝਮਕੇ ਜਿੰਨਾਂ ਵੀ ਧਿਆ ਲਿਆ, ਜਮਦੂਤਾਂ ਦੀ ਗਲ 'ਚ ਪਾਈ ਹੋਈ ਫਾਹੀ ਉਸੇ ਵੇਲੇ ਕੱਟੀ ਜਾਂਦੀ ਹੈ। ਕਹਿੰਦੇ, ਕਾਲ ਦੀ ਫਾਂਸੀ ਨਹੀਂ ਉਹਦੇ ਗਲ ਵਿਚ ਪਿਆ ਕਰਦੀ ਤੇ ਇਕ ਚਿੱਤ ਹੋ ਕੇ ਤੂੰ ਲਿਵ ਲਾ ਲੈ ਇਹਦੇ ਨਾਲ –

ਜਪਹੁ ਦੇਹਿ ਅਭਿਮਾਨ ਗਵਾਈ। ਸ੍ਰੀ ਗੁਰ ਨਾਨਕ ਪ੍ਰਕਾਸ਼

ਹੁਣ ਤੂੰ ਇਹ ਨਾ ਕਹਿ ਕਿ ਮੈਂ ਮੁਸਲਮਾਨ ਹਾਂ। ਮੈਂ ਮੁੱਲਾ ਹਾਂ। ਇਹ ਤੇਰੀ ਦੇਹ ਦੀ ਬਿਆਧੀ ਹੈ। ਤੂੰ ਆਤਮਾ ਹੈਂ, ਆਪਣੇ ਸਰੂਪ ਨੂੰ ਪਛਾਣ। ਤੂੰ ਇਹਦੇ ਵਿਚ ਰਹਿਣ ਵਾਲਾ ਹੈਂ। ਤੂੰ ਰੂਹ ਹੈ, ਤੂੰ ਸਰੀਰ ਨਹੀਂ ਹੈਂ। ਤੂੰ ਸਰੀਰ ਨਾਲ ਨਾ ਹੁਣ ਚਿੰਬੜ, ਨਿਕਲ ਜਾਹ ਸ਼ਰਾ ਤੋਂ। ਮਾਰਫ਼ਤ ਦੀ ਗੱਲ ਕਹਿ ਦਿਤੀ ਮਹਾਰਾਜ ਨੇ। ਸ਼ਰਾ 'ਚੋਂ ਲੰਘਾ ਦਿਤਾ, ਸ਼ਰੀਅਤ 'ਚੋਂ ਲੰਘਾ ਦਿਤਾ। ਤਰੀਕਤ 'ਚੋਂ ਲੰਘਾ ਦਿਤਾ। ਹਕੀਕਤ 'ਚੋਂ ਲੰਘਾ ਦਿਤਾ, ਮਾਰਫ਼ਤ 'ਚ ਲੈ ਗਏ। ਕਹਿੰਦੇ, ਹੁਣ ਤੂੰ ਭਾਈ ਇਸ ਤਰ੍ਹਾਂ ਕਰੀਂ–

ਸਤਿਸੰਗਤ ਕੀ ਸੇਵ ਅਭੰਗਾ।

ਜਿਥੇ ਸਤਿਸੰਗ ਹੁੰਦੀ ਹੈ, ਉਥੇ ਸੇਵਾ ਕਰੀਂ ਤਕੜਾ ਹੋ ਕੇ। ਪਰਵਾਹ ਨਾ ਕਰੀਂ ਕਿਸੇ ਦੀ –

ਕਰਹੁ ਸੁਖਦ ਨਿਤ ਸੰਗ ਉਮੰਗਾ॥ ਸ੍ਰੀ ਗੁਰ ਨਾਨਕ ਪ੍ਰਕਾਸ਼

ਉਮੰਗ ਦੇ ਨਾਲ ਤੂੰ ਪ੍ਰਮੇਸ਼ਰ ਨੂੰ ਯਾਦ ਕਰੀਂ। ਇਸ ਤਰ੍ਹਾਂ ਦੇ ਨਾਲ ਤੇਰਾ ਜਨਮ ਮਰਨ ਕੱਟਿਆ ਜਾਏਗਾ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਛੋਟੀ ਉਮਰ ਦੇ ਅੰਦਰ, ਇਹ ਨਹੀਂ ਕਿ ਬਹੁਤ ਵੱਡੇ ਫਿਲਾਸਫਰ ਹੋ ਕੇ, ਵੱਡੇ ਹੋ ਕੇ ਲੱਗੇ ਨੇ। ਬੜੇ ਲਿਖਾਰੀਆਂ ਨੇ ਊਟ-ਪਟਾਂਗ ਗੱਲਾਂ ਲਿਖੀਆਂ ਨੇ। ਉਹ ਤਾਂ ਧੁਰ ਤੋਂ ਆਏ ਹੋਏ ਸੀ ਪੁਕਾਰ ਸੁਣ ਕੇ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ
ਜਗ ਮਾਹਿ ਪਠਾਇਆ। ਭਾਈ ਗੁਰਦਾਸ ਜੀ

ਧੁੰਦ ਪਈ ਹੋਈ ਸੀ ਮਿਟ ਗਈ –

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ। ਭਾਈ ਗੁਰਦਾਸ ਜੀ

ਪ੍ਰਕਾਸ਼ ਕਰ ਦਿਤਾ। ਹੋਰ ਵੱਡੇ ਹੋ ਜਾਂਦੇ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ। ਮੱਝੀਆਂ ਚਾਰਨ ਗਏ। ਮੱਝਾਂ ਚਰ ਰਹੀਆਂ ਨੇ। ਆਪ ਨੇ ਇਕ ਕੱਪੜਾ

ਵਿਛਾਇਆ ਹੋਇਆ ਹੇਠਾਂ, ਇਕ ਦੁਪੱਟੀ। ਉਤੇ ਮੱਥੇ ਕੋਲ ਉਹਨਾਂ ਨੇ ਆਪਣੀ ਬਾਂਹ ਰੱਖੀ ਹੋਈ ਹੈ। ਉਸ ਤਰ੍ਹਾਂ ਹੀ ਆਰਾਮ ਨਾਲ ਪਏ ਨੇ ਤੇ ਉਧਰਲੇ ਪਾਸੇ ਦੁਪਹਿਰਾ ਹੈ ਰਾਇ ਬੁਲਾਰ ਆ ਗਿਆ। ਨਾਲ ਉਹਦੇ ਘੋੜਿਆਂ ਵਾਲੇ ਹੋਰ ਨੇ ਘੋੜਿਆਂ 'ਤੇ, ਘੋੜਿਆਂ 'ਤੇ ਚੜ੍ਹੇ ਜਾਂਦੇ ਨੇ ਕਹਿੰਦੇ ਔਹ ਕੌਣ ਪਿਐ? ਕਹਿੰਦੇ ਜੀ, ਬਾਬਾ ਮਹਿਤਾ ਕਾਲੂ ਜੀ ਦਾ ਪੁੱਤਰ ਪਿਐ। ਨੇੜੇ ਆ ਗਿਆ, ਕਹਿੰਦਾ, ਹੈਂ? ਕਹਿੰਦਾ, ਸੁਭਾਨ ਅੱਲਾਹ। ਆਹ ਦੇਖੋ, ਇਹਦੇ ਸਿਰ 'ਤੇ ਤਾਂ ਸੱਪ ਨੇ ਫਣ ਖਲਾਰਿਆ ਹੋਇਐ। ਹੌਲੀ-ਹੌਲੀ ਘੋੜਾ ਖੜ੍ਹਾ ਲਿਆ, ਉਤਰ ਆਇਆ ਥੱਲੇ। ਕਹਿੰਦਾ, ਬਚਾਓ ਜੇ ਬਚ ਸਕਦੈ। ਅਜੇ ਡੰਗ ਨਹੀਂ ਮਾਰਿਆ ਸੱਪ ਨੇ। ਸੱਪ ਉਸੇ ਤਰ੍ਹਾਂ ਦੇ ਨਾਲ ਛਾਂ ਕਰੀਂ ਖੜ੍ਹੈ। ਕੋਲ ਨੂੰ ਜਾਂਦੇ ਨੇ ਤੇ ਆਰਾਮ ਦੇ ਨਾਲ ਹੀ ਸੱਪ ਪਰ੍ਹੇ ਨੂੰ ਚਲਿਆ ਗਿਆ। ਮਾੜਾ ਜਿਹਾ ਜਾਂਦਾ ਦਿਖਿਆ, ਉਸ ਤੋਂ ਬਾਅਦ ਸੱਪ ਨਿਗ੍ਹਾ 'ਚ ਹੀ ਨਹੀਂ ਆਇਆ ਕਿਸੇ ਦੀ।

ਕਹਿੰਦੇ, ਰਾਇ ਜੀ! ਸੱਪ ਕਿੱਥੇ ਚਲਿਆ ਗਿਆ। ਰੜ੍ਹਾ ਮੈਦਾਨ ਹੈ। ਮਾੜਾ ਜਿਹਾ ਹਿਲਦਾ ਦਿਸਿਆ ਹੈ। ਉਸ ਵੇਲੇ ਕਹਿਣ ਲੱਗਿਆ, ਇਹਦੀ ਗੱਲ ਸਮਝ 'ਚ ਨਹੀਂ ਆਉਂਦੀ। ਜਿੰਨੀਆਂ ਗੱਲਾਂ ਮੈਂ ਅੱਜ ਤਕ ਸੁਣੀਆਂ ਨੇ, ਸਾਰੀਆਂ ਗੱਲਾਂ ਅਜੀਬ ਨੇ ਇਸ ਦੀਆਂ। ਮਨ ਵਿਚ ਮੰਨਣ ਵਾਲੀਆਂ ਨਹੀਂ ਹਨ। ਜੇ ਮੁੱਲਾਂ ਕਹਿੰਦਾ ਹੈ, ਤਾਂ ਇਹ ਕਹਿੰਦੈ ਕਿ ਖੁਦਾ ਹੈ। ਜੇ ਪਾਧਾ ਕਹਿੰਦਾ ਹੈ ਪੜ੍ਹਾਉਣ ਵਾਲਾ, ਉਹ ਕਹਿੰਦੈ ਕਿ ਇਹ ਤਾਂ ਪੜ੍ਹੇ ਪੜ੍ਹਾਏ ਨੇ, ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਆਏ ਨੇ। ਜੇ ਭਾਸ਼ਾ ਪੜ੍ਹਾਉਣ ਵਾਲਾ ਕਹਿੰਦਾ ਹੈ, ਸੰਸਕ੍ਰਿਤ ਪੜ੍ਹਾਉਣ ਵਾਲਾ। ਉਹ ਕਹਿੰਦਾ, ਵੇਦ ਸ਼ਾਸਤਰ ਇਹਨਾਂ ਦੇ ਚਰਨਾਂ ਦੇ ਵਿਚ ਨੇ, ਇਹਨਾਂ ਨੂੰ ਮੈਂ ਕੀ ਪੜ੍ਹਾਵਾਂ? ਇਹ ਤਾਂ ਮੈਨੂੰ ਪੜ੍ਹਾਉਂਦੇ ਨੇ। ਅੱਜ ਕੀ ਕੌਤਕ ਦੇਖਿਆ ਕਿ ਸੱਪ ਹੈ। ਜ਼ਹਿਰੀਲਾ ਸੱਪ ਹੈ। ਫਨੀਅਰ ਨਾਗ ਹੈ। ਵੱਡਾ ਫਣ ਹੈ। ਗਿੱਠ, ਸਵਾ ਗਿੱਠ ਦਾ ਚੌੜਾ ਫਣ ਹੈ ਤੇ ਮੂੰਹ ਦੇ ਉਤੇ ਛਾਂ ਕਰੀਂ ਬੈਠੈ।

ਕਹਿੰਦਾ, ਮੈਂ ਵੀ ਸਿਜਦਾ ਕਰੂੰ ਇਨ੍ਹਾਂ ਨੂੰ। ਮੈਂ ਵੀ ਹੁਣ ਮੰਨਦਾ ਹਾਂ ਕਿ ਸੱਚਮੁੱਚ ਹੀ ਕੋਈ ਵਲੀ ਪ੍ਰਗਟ ਹੋਇਆ ਹੈ। ਸਿਜਦਾ ਕਰਦੈ। ਸ੍ਰੀ ਗੁਰੂ ਨਾਨਕ ਦੇਵ ਜੀ ਉੱਠ ਕੇ ਬੈਠ ਜਾਂਦੇ ਨੇ। ਸ਼ਰਧਾ ਹੋ ਗਈ ਇਹਦੇ ਮਨ ਵਿਚ। ਮੱਝੀਆਂ ਚਾਰਨ 'ਤੇ ਡਿਊਟੀ ਲੱਗੀ ਹੋਈ ਹੈ। ਦੂਜੇ, ਤੀਜੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਮੌਜ ਵਿਚ ਲੇਟੇ ਪਏ ਨੇ। ਮੱਝੀਆਂ ਨੇ ਵਾੜ ਤੋੜੀ, ਸਾਰੀਆਂ ਹੀ ਮੱਝਾਂ ਜਿਹੜੀਆਂ 30-40 ਜੋ ਸੀ, ਸਾਰੀਆਂ ਖੇਤ ਵਿਚ ਵੜ ਗਈਆਂ। ਸਾਰਾ ਹੀ ਖੇਤ ਚੁਗ ਲਿਆ। ਇਕੱਲਾ ਖੇਤ ਸੀ, ਉਹਦੇ ਵਿਚ ਵੜ ਕੇ ਡੁੰਡ ਬਣਾ ਦਿਤਾ ਖੇਤ। ਪੰਜ-ਪੰਜ, ਛੇ-ਛੇ ਉਂਗਲ ਦੇ ਡੁੰਡ ਰਹਿ ਗਏ, ਬਾਕੀ ਸਾਰਾ ਉਤੋਂ ਖਾ ਲਿਆ ਤੇ ਆਰਾਮ ਨਾਲ ਬੈਠ ਕੇ ਖੇਤ 'ਚ ਹੀ ਉਗਾਲੀ ਕਰਨ ਲਗ ਗਈਆਂ। ਓਧਰੋਂ ਮਾਲਕ ਆ ਗਿਆ। ਮਾਲਕ ਨੇ ਆ ਕੇ ਦੇਖਿਆ ਕਿ ਆਹ ਤਾਂ ਬਾਬਾ ਮਹਿਤਾ ਕਾਲੂ ਜੀ ਦੀਆਂ ਮੱਝਾਂ ਨੇ। ਆਲੇ-ਦੁਆਲੇ ਦੇਖਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਮੌਜ ਵਿਚ ਪਏ ਨੇ। ਜਾ ਕੇ ਮੋਢੇ ਤੋਂ ਫੜ ਲਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ। ਕਹਿੰਦੇ, ਤੂੰ ਸੁੱਤਾ ਪਿਐਂ, ਆਹ ਦੇਖ ਮੇਰੇ ਖੇਤ ਦਾ ਕੀ ਹਾਲ ਕਰ ਦਿਤਾ, ਮੈਂ ਗਰੀਬ ਆਦਮੀ। ਮੈਂ ਪੁਕਾਰ ਕਰਾਂਗਾ। ਹਰਜਾਨਾ ਭਰਾਊਂਗਾ ਤੇਰੇ ਤੋਂ। ਮੇਰੀ ਤਾਂ ਸਾਰੀ ਖੇਤੀ ਖਾ ਲਈ। ਸ੍ਰੀ ਗੁਰੂ ਨਾਨਕ ਦੇਵ ਜੀ ਚੁੱਪ। ਮੋਢੇ ਤੋਂ ਫੜ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧੂਹੀ ਜਾਂਦੈ। ਰਾਇ ਬੁਲਾਰ ਦੇ ਦਰਵਾਜ਼ੇ 'ਤੇ ਖੜ੍ਹਾ ਹੋ ਕੇ ਉੱਚੀ-ਉੱਚੀ ਰੋਣ ਲਗ ਗਿਆ। ਕਹਿਣ ਲੱਗਿਆ, ਰਾਇ ਜੀ! ਮੇਰਾ ਇਨਸਾਫ ਕਰੋ। ਮੈਂ ਗਰੀਬ ਆਦਮੀ। ਇਹ ਤੇਰੇ ਕਾਰਦਾਰ ਦਾ ਪੁੱਤਰ ਨਾਨਕ, ਜਿਸ ਨੂੰ ਲੋਕ ਦੀਵਾਨਾ ਕਹਿੰਦੇ ਨੇ, ਮੱਝੀਆਂ ਚਾਰਨ 'ਤੇ ਲਾਇਆ ਹੋਇਐ, ਬਾਬਾ ਮਹਿਤਾ ਜੀ ਨੇ। ਮੇਰਾ ਸਾਰਾ ਖੇਤ ਖਾ ਗਈਆਂ ਇਹਨਾਂ ਦੀਆਂ ਮੱਝੀਆਂ ਤੇ ਮੇਰਾ ਹਰਜਾਨਾ ਦਿਵਾਓ। ਪੁਕਾਰ ਕਰੀ ਜਾਂਦੈ। ਰਾਇ ਬੁਲਾਰ ਬਾਹਰ ਨਿਕਲਿਆ। ਆ ਕੇ ਮੰਜੇ 'ਤੇ ਬੈਠ ਗਿਆ। ਹੋਰ ਵੀ ਆ ਗਏ। ਪੰਚ ਵੀ ਬੁਲਾ ਲਏ।

ਕਹਿਣ ਲੱਗੇ ਕਿ ਦੇਖੋ, ਮੈਂ ਇਨਸਾਫ ਕਰਨਾ ਹੈ। ਭਾਵੇਂ ਮੇਰਾ ਹੀ ਬੰਦਾ ਹੈ, ਬਾਬਾ ਮਹਿਤਾ ਜੀ। ਮੇਰਾ ਕਾਰਦਾਰ ਹੈ। ਜਾਓ, ਬੁਲਾ ਕੇ ਲਿਆਓ ਉਹਨਾਂ ਨੂੰ।

ਬੁਲਾ ਕੇ ਲਿਆਂਦੇ। ਕਹਿੰਦੇ, ਬਾਬਾ ਮਹਿਤਾ ਜੀ! ਆਹ ਬੱਚਾ ਤੁਸੀਂ ਲਾਇਐ, ਆਹ ਤਾਂ ਮਸਤ ਬੱਚਾ ਹੈ, ਤੁਸੀਂ ਡੰਗਰ ਚਾਰਨ 'ਤੇ ਲਾ ਦਿੱਤਾ। ਇਹਨਾਂ ਨੇ ਡੰਗਰਾਂ ਦਾ ਕੁਛ ਨਹੀਂ ਦੇਖਿਆ। ਇਹ ਅਰਾਮ ਕਰ ਰਹੇ ਸੀ ਇਕ ਥਾਂ ਬੈਠੇ। ਡੰਗਰ ਨਾਲ ਦੇ ਖੇਤ ਦੀ ਸਾਰੀ ਫਸਲ ਖਾ ਗਏ। ਉਹ ਦੁਹਾਈ ਮਚਾਉਂਦੈ ਕਿ ਮੇਰਾ ਤਾਂ ਇਕ ਡਾਲ ਵੀ ਨਹੀਂ ਬਚਿਆ। ਰਹਿੰਦਾ ਖੂੰਹਦਾ ਮੱਝਾਂ ਉਸੇ ਖੇਤ 'ਚ ਬੈਠ ਕੇ ਉਗਾਲੀ ਕਰ ਰਹੀਆਂ ਨੇ, ਸਾਰਾ ਕੁਝ ਦੱਬ ਦਿਤਾ। ਸਾਰੀਆਂ ਮੇਰੇ ਖੇਤ 'ਚ ਹੀ ਬੈਠੀਆਂ ਨੇ, ਮੈਂ ਹੁਣੇ ਛੱਡ ਕੇ ਆ ਰਿਹਾ ਹਾਂ। ਪੰਚਾਇਤ ਇਕੱਠੀ

ਕਰ ਲਈ ਰਾਇ ਨੇ।

ਕਹਿੰਦੇ, ਜਾਓ, ਹਰਜਾਨਾ ਵੀ ਲੱਗੇਗਾ, ਜੁਰਮਾਨਾ ਵੀ ਲੱਗੇਗਾ। ਦੋਵੇਂ ਚੀਜ਼ਾਂ ਹੋਣਗੀਆਂ। ਜੁਰਮਾਨਾ ਇਸ ਗੱਲ ਦਾ ਕਿ ਖੇਤ ਕਿਉਂ ਖੁਆਇਆ ਤੇ ਹਰਜਾਨਾ ਇਸ ਗੱਲ ਦਾ ਕਿ ਇਹਦੀ ਸਾਰੀ ਫਸਲ ਖਾ ਲਈ। ਉਹਦੀ ਕਣਕੂਤ ਕਰਕੇ ਆਓ। ਪੰਚ ਚਲੇ ਗਏ ਕਣਕੂਤ ਕਰਨ। ਹਿਸਾਬੀ-ਕਿਤਾਬੀ ਨੂੰ ਨਾਲ ਲੈ ਗਏ। ਖੇਤ ਨਹੀਂ ਲੱਭਦਾ। ਮੱਝਾਂ ਬੈਠੀਆਂ ਨੇ ਖੇਤ ਦੇ ਬਾਹਰ। ਖੇਤ ਲੱਭਦਾ ਨਹੀਂ। ਉਹ ਕਹਿੰਦੇ, ਕਿਹੜਾ ਖੇਤ ਹੈ? ਕਿਹੜਾ ਖਾ ਲਿਆ? ਟੋਲ੍ਹਦੇ ਫਿਰਦੇ ਨੇ, ਵਾਪਸ ਆ ਗਏ।

ਕਹਿੰਦੇ, ਸਾਨੂੰ ਦਸੇ ਇਹ ਕਿ ਕਿਹੜਾ ਖੇਤ ਹੈ? ਕਿਹੜਾ ਖਾਧਾ ਹੈ?

ਉਹਨੇ ਦਸਿਆ ਕਿ ਜਿਹੜਾ ਬਰੋਟੇ ਦੇ ਪਰਲੇ ਪਾਸੇ ਹੈ। ਉਹ ਮੇਰਾ ਖੇਤ ਹੈ।

ਕਹਿੰਦੇ, ਉਥੇ ਤਾਂ ਕੁਛ ਵੀ ਨਹੀਂ ਖਾਇਆ, ਇਕ ਤਿਣਕਾ ਵੀ ਨਹੀਂ ਟੁੱਟਿਆ ਹੋਇਆ।

ਕਹਿੰਦੇ, ਤੁਸੀਂ ਪੱਖ ਕਰਦੇ ਹੋਂ ਇਹਦਾ। ਤੁਸੀਂ ਪੰਚ ਵੀ ਗਲਤ ਹੋ ਗਏ, ਬਾਬਾ ਮਹਿਤਾ ਜੀ ਦਾ ਤੇ ਨਾਨਕ ਜੀ ਦਾ ਪੱਖ ਕਰਦੇ ਹੋਂ।

ਕਹਿੰਦੇ, ਨਾ, ਜਦੋਂ ਅਸੀਂ ਪੰਚ ਹਾਂ, ਪੰਚ ਰੱਬ ਵਰਗੇ ਹੁੰਦੇ ਨੇ। ਪੱਖ ਦਾ ਸਵਾਲ ਹੀ ਨਹੀਂ ਭਾਈ। ਤੂੰ ਦੱਸ, ਸਾਨੂੰ ਚੱਲ ਕੇ ਦੱਸ?

ਨਾਲ ਚੱਲ ਸਾਡੇ। ਮਹਿਤਾ ਜੀ ਨੂੰ ਵੀ ਨਾਲ ਲੈ ਲੈਂਦੇ ਹਾਂ।

ਰਾਇ ਬੁਲਾਰ ਨੇ ਕਹਿ ਦਿਤਾ ਕਿ ਜਾਓ, ਜਾ ਕੇ ਦੇਖੋ, ਬੇਇਨਸਾਫੀ ਨਹੀਂ ਕਰਨੀ। ਪੂਰਾ ਤੋਲੋ।

ਨਾਲ ਲੈ ਕੇ ਜਾਂਦੇ ਨੇ। ਭਮੱਤਰਿਆਂ ਵਾਂਗੂੰ ਝਾਕਦੈ।

ਕਹਿੰਦੇ, ਖੇਤ ਤਾਂ ਆਹੀ ਸੀਗਾ।

ਕਹਿੰਦੇ, ਫੇਰ ਖਾਧਾ ਹੋਇਆ ਤਾਂ ਹੈ ਨਹੀਂ।

ਤੂੰ ਆਪ ਦਸ ਕਿ ਕੋਈ ਡਾਲ ਖਾਧਾ ਹੋਵੇ?

ਹੈਰਾਨ ਹੋਈ ਜਾਂਦੈ, ਕੰਨਾਂ ਨੂੰ ਹੱਥ ਲਾਉਂਦੈ। ਕਹਿੰਦਾ, ਮੇਰੀ ਨਿਗ੍ਹਾ ਤਾਂ ਨਹੀਂ ਬੰਨ੍ਹੀ ਹੈ। ਤੁਹਾਡੀ ਨਿਗ੍ਹਾ ਤਾਂ ਨਹੀਂ ਬੰਨ੍ਹੀ। ਕਹਿੰਦਾ, ਹੱਥ ਲਾ ਕੇ ਦੇਖੋ।

ਹੱਥ ਲਾ ਕੇ ਦੇਖਦੇ ਨੇ ਕਹਿੰਦੇ ਲੈ, ਦੇਖ ਲੈ ਹੱਥਾਂ 'ਚ ਆਉਂਦੀਆਂ ਨੇ ਬੱਲੀਆਂ।

ਨਿਗ੍ਹਾ ਦਾ ਬੰਨ੍ਹਣਾ ਕੀ ਹੋ ਗਿਆ।

ਕਹਿੰਦਾ, ਇਹ ਤਾਂ ਸਾਰਾ ਹੀ ਖਾਧਾ ਹੋਇਆ ਸੀ। ਇਕ ਨਹੀਂ ਬਚਿਆ। ਵਾਪਸ ਆ ਜਾਂਦੇ ਨੇ।

ਕਹਿੰਦੇ, ਰਾਇ ਜੀ! ਅਸੀਂ ਸਭ ਕੁਝ ਦੇਖ ਲਿਆ। ਇਹ ਦਸ ਨਹੀਂ ਰਿਹਾ ਕੋਈ ਵੀ ਗੱਲ। ਜਿਹੜਾ ਕਹਿੰਦਾ ਹੈ ਕਿ ਖੇਤ ਖਾ ਲਿਆ, ਉਹਦੇ ਵਿਚ ਤਾਂ ਇਕ ਡਾਲ ਵੀ ਨਹੀਂ ਟੁੱਟਿਆ ਹੋਇਆ। ਇਹ ਕਹਿੰਦਾ, ਮੱਝੀਆਂ ਵਿਚ ਬੈਠੀਆਂ ਸੀ, ਮੱਝਾਂ ਤਾਂ ਬਾਹਰ ਬੈਠੀਆਂ ਉਗਾਲੀ ਕਰਦੀਆਂ ਨੇ।

ਉਸ ਵੇਲੇ ਕਹਿਣ ਲੱਗਿਆ, ਮੈਨੂੰ ਨਹੀਂ ਕੁਛ ਪਤਾ ਲਗਦਾ। ਮੈਨੂੰ ਕੁਛ ਨਹੀਂ ਪਤਾ ਕਿ ਕੀ ਹੋ ਰਿਹੈ, ਕੀ ਨਹੀਂ ਹੋ ਰਿਹਾ। ਮੈਂ ਤਾਂ ਉਥੇ ਦੇਖ ਕੇ ਆਇਆ ਸੀ ਅੱਖਾਂ ਨਾਲ।

ਸ੍ਰੀ ਗੁਰੂ ਨਾਨਕ ਦੇਵ ਜੀ ਚੁੱਪ ਖੜ੍ਹੇ ਨੇ। ਕੋਈ ਬਚਨ ਨਹੀਂ ਕਰ ਰਹੇ ਜਿਵੇਂ ਗੁਨਹਗਾਰ ਖੜ੍ਹਾ ਹੁੰਦੈ। ਫੜਿਆ ਹੋਇਆ ਦੋਸ਼ੀ ਖੜ੍ਹਾ ਹੁੰਦੈ, ਇਸ ਤਰ੍ਹਾ ਖੜ੍ਹੇ ਨੇ। ਨਿਗ੍ਹਾ ਉਤੇ ਨੂੰ ਹੈ, ਗਹਿਰੀ ਨਿਗ੍ਹਾ ਹੈ। ਮੂੰਹ ਦੇ ਉਤੇ ਜਲਾਲ ਹੈ ਤੇ ਇਕ ਝਿੜਕ ਹੈ ਮੂੰਹ ਦੇ ਉਤੇ ਸਾਰਿਆਂ ਨੂੰ ਤੇ ਅੰਦਰੋਂ ਹੀ ਕਹਿ ਰਹੇ ਨੇ ਪ੍ਰੇਮੀਓਂ! ਰੱਬ ਦੇ ਨਮਿੱਤ ਖਾਧਾ ਹੋਇਆ ਵੀ ਕਦੇ ਘਟਦੈ? ਪ੍ਰਮੇਸ਼ਰ ਦੇ ਨਮਿੱਤ ਦਿਤਾ ਹੋਇਆ ਵੀ ਕਦੇ ਘਟਦੈ? ਵਧਦੈ। ਇਕ ਸਬਕ ਸਿਖਾਇਆ ਉਹਨਾਂ ਨੇ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਮੋਦੀਖਾਨੇ 'ਚ ਨੇ, ਆਪ ਉਸ ਥਾਂ ਦੇ ਵੱਡੇ ਆਫੀਸਰ ਸੀਗੇ। ਅੱਠ ਵਜ਼ੀਰ ਹੋਇਆ ਕਰਦੇ ਸੀ, ਖਾਨ-ਏ-ਖਾਨਾ, ਵਜ਼ੀਰ-ਏ-ਆਜ਼ਮ। ਇਕ ਬਖਸ਼ੀ ਹੋਇਆ ਕਰਦਾ ਸੀ। ਇਕ ਦੀਵਾਨ-ਏ-ਆਜ਼ਮ ਹੋਇਆ ਕਰਦਾ ਸੀ ਜਿਹਨੂੰ ਫਾਈਨੈਂਸ ਮਨਿਸਟਰ ਕਹਿੰਦੇ ਹੁੰਦੇ। ਇਕ ਬਖਸ਼ੀ ਹੋਇਆ ਕਰਦਾ ਸੀ ਜਿਹਨੂੰ ਸੈਨਾਪਤੀ ਕਹਿੰਦੇ ਨੇ। ਇਕ ਵਜ਼ੀਰ ਨੂੰ ਮੋਦੀ ਕਹਿੰਦੇ ਸੀ ਜਿਹੜਾ ਰਾਸ਼ਨ ਦਾ, ਸਿਵਲ ਸਪਲਾਈ ਦਾ ਵਜ਼ੀਰ ਹੈ। ਉਹ ਹੋਇਆ ਕਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਮੌਜ ਨਾਲ ਚਲੇ ਜਾਂਦੇ ਸੀ ਜਿਥੇ ਵੱਡਾ ਸਟੋਰ ਸੀ। ਆਪ ਹੀ ਤੋਲਣ ਲਗ ਜਾਂਦੇ ਸੀ ਤੇ ਤੇਰ੍ਹਾਂ ਤੋਂ ਅਗਾਂਹਾਂ ਕਦੇ ਚੌਦਾਂ ਨਹੀਂ ਸੀ ਕਿਹਾ। ਚਾਹੇ ਸਾਰਾ ਸ਼ਹਿਰ ਲੈ ਜਾਵੇ।

ਜਦੋਂ ਆਪ ਨੇ ਵੇਈਂ ਨਦੀ 'ਚ ਚੁੱਭੀ ਮਾਰੀ। ਉਸ ਵੇਲੇ ਸ਼ਿਕਾਇਤ ਹੋਈ ਕਿ ਨਾਨਕ ਤਾਂ ਡੁੱਬਿਆ ਵੇਈਂ 'ਚ ਕਿ ਉਹਨੇ ਮੋਦੀਖਾਨਾ ਲੁਟਾ ਦਿਤਾ ਸਾਰਾ।

(ਬਾਕੀ ਪੰਨਾ 41 ਤੇ)

ਐਸੇ ਜਨ ਵਿਰਲੇ ਸੰਸਾਰੇ

(ਪਿਆਰੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਨੂੰ ਸਮਰਪਿਤ)

ਸੰਤ ਬਾਬਾ ਲਖਬੀਰ ਸਿੰਘ ਜੀ
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ– 278

ਗੁਰੂ ਪਿਆਰੀ ਸਾਧਸੰਗਤ ਜੀਓ! ਆਓ ਸਾਰੇ ਮਾਈ ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾਈਏ। ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ–

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥



ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ

ਇਸ ਪਾਵਨ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਇਹ ਮਹਾਨ ਸਮਾਗਮ ਜਿਨ੍ਹਾਂ ਸਮਾਗਮਾਂ ਦੇ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਅਤੇ ਪਿਆਰੇ ਮਹਾਂਪੁਰਸ਼ ਤੇ ਸਤਿਕਾਰਯੋਗ ਬੀਜੀ ਦੀ ਮਿੱਠੀ ਨਿੱਘੀ ਯਾਦ ਮਨਾਈ ਜਾ ਰਹੀ ਹੈ, ਜਿਸ ਦਿਨ ਪਿਆਰੇ ਮਹਾਂਪੁਰਸ਼ਾਂ ਨੇ ਪੰਜ ਭੂਤਕ ਸਰੀਰ ਦਾ ਤਿਆਗ ਕੀਤਾ। ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਹਰ ਸਾਲ ਦੀ ਤਰ੍ਹਾਂ ਅੱਗੋਂ ਤੋਂ ਵੀ ਵੱਧ ਸਮਾਗਮਾਂ ਵਿਚ ਪਹੁੰਚੀਆਂ ਨੇ। ਅੰਮ੍ਰਿਤ ਵੇਲੇ ਤੋਂ ਲੈ ਕੇ ਹੁਣ ਤਕ ਗੁਰੂ ਪ੍ਰਮੇਸ਼ਰ ਦੀ ਸਿਫਤ ਸਾਲਾਹ, ਨਾਮ ਦੀ ਮਹਿਮਾ, ਮਹਾਂਪੁਰਸ਼ ਅਤੇ ਸਤਿਕਾਰਯੋਗ ਮਾਤਾ ਜੀ ਦਾ ਜੀਵਨ, ਉਹਨਾਂ ਦੇ ਬੇਅੰਤ ਪਰਉਪਕਾਰ ਬੜੇ ਪਿਆਰ ਨਾਲ ਸਰਵਣ ਕੀਤੇ ਹਨ। ਸਮਾਂ ਵੀ ਐਸਾ ਚੱਲ ਰਿਹਾ ਹੈ– ਪਿਆਰ ਅਤੇ ਵੈਰਾਗ ਦਾ। ਭਾਵੇਂ ਯਾਦ ਸਦਾ ਹੀ ਹੁੰਦੀ ਹੈ ਪਰ ਐਸੇ ਦਿਹਾੜੇ ਜਿਵੇਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਿਆਈ ਦੇ ਕੇ ਭਾਣਾ ਵਰਤਾ ਰਹੇ ਨੇ ਤੇ ਕੋਈ ਵੀ ਐਸਾ ਹਿਰਦਾ ਨਹੀਂ ਜਿਹੜਾ ਜਲ ਦੇ ਰੂਪ ਵਿਚ ਨੇਤਰਾਂ ਵਿਚੋਂ ਨਹੀਂ ਚਲਦਾ। ਆਹ ਥੋੜ੍ਹਾ ਸਮਾਂ ਆਉਣ ਵਾਲਾ ਹੈ ਜਦੋਂ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ। ਸਰਸਾ 'ਤੇ ਪਰਿਵਾਰ ਵਿਛੋੜਾ ਪਿਆ। ਚਮਕੌਰ ਸਾਹਿਬ ਦੇ ਜੰਗ ਵਿਚ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ, ਪੰਜਾਂ ਪਿਆਰਿਆਂ 'ਚੋਂ ਤਿੰਨ ਪਿਆਰੇ ਸ਼ਹੀਦ ਹੋਏ, ਗੁਰਸਿੱਖ ਸ਼ਹੀਦ ਹੋ ਗਏ। ਮੇਰੇ ਕਲਗੀਧਰ ਪਾਤਸ਼ਾਹ ਪੰਥ ਖਾਲਸੇ ਦਾ ਹੁਕਮ ਮੰਨ ਕੇ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਉਥੋਂ ਚਲਦੇ ਨੇ। ਨਾ ਪਾਸ ਜੋੜਾ ਹੈ, ਨਾ ਪਾਸ ਘੋੜਾ ਹੈ, ਨਾ ਸੀਸ ਉਤੇ ਤਾਜ, ਨਾ ਹੱਥ ਵਿਚ ਬਾਜ਼, ਜਾਮਾ ਲੀਰੋ ਲੀਰ ਹੈ, ਹੱਥ ਵਿਚੋਂ ਖੂਨ ਸਿਮ ਰਿਹੈ। ਉਥੇ ਗਾ ਰਹੇ ਨੇ–

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਣਾ॥ ਸੂਲ ਸੁਰਾਹੀ ਪੰਜਰੁ ਪਿਆਲਾ,
ਬਿੰਗ ਕਸਾਈਆਂ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ,
ਭਠ ਖੇੜਿਆਂ ਦਾ ਰਹਣਾ॥ ਖਿਆਲ ਪਾਤਸ਼ਾਹੀ 10



ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ

ਉਸ ਤੋਂ ਬਾਅਦ ਧੰਨ-ਧੰਨ ਮਾਤਾ ਗੁਜਰ ਕੌਰ ਜੀ, ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦੇ ਜਿਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਮਾਤਾ ਜੀ ਸ਼ਹੀਦ ਹੋਏ। ਉਹ ਐਸੇ ਦਿਹਾੜੇ ਹਨ, ਭਾਵੇਂ ਉਹ ਕੁਰਬਾਨੀਆਂ, ਪਰਉਪਕਾਰ, ਸਤਿਗੁਰ ਦੇ ਦਿਹਾੜੇ ਯਾਦ ਸਦਾ ਹੀ ਹੈ ਪਰ ਉਹਨਾਂ ਦਿਨਾਂ ਵਿਚ ਜਿਹੜਾ ਗੁਰੂ ਦਾ ਪਿਆਰਾ ਸਿੱਖ ਹੈ, ਸ਼ਾਇਦ ਹੀ ਕੋਈ ਵਿਰਲਾ ਹੋਵੇ ਜਿਹਦੇ ਨੇਤਰਾਂ 'ਚੋਂ ਪਿਆਰ ਦਾ ਜਲ ਨਾ ਜਾਂਦਾ ਹੋਵੇ ਕਿ ਸਾਡੇ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਸਾਡੇ ਵਾਸਤੇ ਕਿੰਨੇ ਪਰਉਪਕਾਰ ਕੀਤੇ।

ਸਮਾਂ ਚਲਦਾ ਜਾ ਰਿਹੈ। ਸਮਾਂ ਆਇਆ ਜਿਨ੍ਹਾਂ ਮਹਾਂਪੁਰਸ਼ਾਂ ਨੇ ਸਾਨੂੰ ਜੀਵਨ ਬਖਸ਼ਿਆ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ

31 ਅਕਤੂਬਰ 2001 ਨੂੰ ਪਿਆਰੇ ਮਹਾਂਪੁਰਸ਼ਾਂ ਦੇ ਸਰੀਰ ਦੇ ਅੰਤਿਮ ਦਰਸ਼ਨ



ਸਾਹਿਬ ਜੀ ਦੇ ਲੜ ਲਾਇਆ। ਗੁਰੂ ਇਤਿਹਾਸ, ਗੁਰੂ ਦੀਆਂ ਬਖਸ਼ਿਸ਼ਾਂ ਤੋਂ ਜਾਣੂ ਕਰਾਇਆ। ਜਦੋਂ ਉਹਨਾਂ ਮਹਾਂਪੁਰਸ਼ਾਂ ਦਾ ਸਰੀਰ ਕਰਕੇ ਵਿਛੋੜਾ ਪਿਆ ਉਹ ਵੀ ਦਿਨ ਪਿਆਰ ਤੇ ਵੈਰਾਗ ਦੇ ਨੇ। ਅੱਜ ਕੇਵਲ ਇਥੇ ਹੀ ਨਹੀਂ, ਬਾਹਰ Foreign (ਵਿਦੇਸ਼) ਵਿਚ, ਭਾਰਤ ਦੇ ਕੋਨੇ-ਕੋਨੇ ਵਿਚ, ਇਸ ਸੰਸਥਾ ਨਾਲ ਜੁੜੀਆਂ ਹੋਈਆਂ ਸੰਗਤਾਂ ਬੈਠੀਆਂ ਨੇ ਕਿਉਂਕਿ ਇੰਟਰਨੈੱਟ ਦੇ ਰਾਹੀਂ ਦਾਸ ਨੂੰ ਇਥੋਂ ਤਕ ਵੀ ਖਬਰ ਮਿਲ ਰਹੀ ਹੈ ਕਿ ਇਕ-ਇਕ ਘਰ ਦੇ ਵਿਚ ਕਿੰਨੇ-ਕਿੰਨੇ ਪ੍ਰੇਮੀ ਇਕੱਠੇ ਹੋ ਕੇ ਇਸ ਮਹਾਨ ਸਮਾਗਮ ਰਾਹੀਂ ਕਥਾ ਕੀਰਤਨ ਸਰਵਣ ਕਰ ਰਹੇ ਨੇ। ਕੇਵਲ ਆਪਾਂ ਹੀ ਇਥੇ ਨਹੀਂ ਬੈਠੇ ਉਹ ਵੀ ਸੰਗਤ ਰੂਪ ਵਿਚ ਦੂਰ ਬੈਠੇ ਹੋਏ ਵੀ ਤੁਹਾਡੇ ਵਿਚ ਬੈਠੇ ਨੇ।

ਆਹ ਸਮਾਂ ਜਦੋਂ ਮਹਾਂਪੁਰਸ਼ਾਂ ਦਾ ਸਰੀਰ ਸ਼ੈੱਡ ਦੇ ਵਿਚ ਰੱਖਿਆ ਹੋਇਆ ਸੀ। ਹਰ ਮਾਈ-ਭਾਈ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਸੀ। ਕਿੰਨਾ ਵੈਰਾਗ ਸੀ ਓਸ ਵੇਲੇ, ਸਹਿਣਾ ਵੀ ਔਖਾ ਹੋਇਆ-ਹੋਇਆ ਸੀ ਪਰ ਹਰ ਇਕ ਦੇ ਅੰਦਰੋਂ ਇਹ ਅਵਾਜ਼ ਆ ਰਹੀ ਸੀ –

'ਰੰਗਲੇ ਸੱਜਣ' ਨੂੰ ਸਰੀਰਕ ਤੌਰ ਤੇ ਲੱਖਾਂ ਸੰਗਤਾਂ ਅੰਤਿਮ ਵਿਦਾਇਗੀ ਦੇਂਦੀਆਂ ਹੋਈਆਂ।



ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥
ਅੰਗ – 23

ਆਹ ਹਾਲਤ ਓਸ ਵੇਲੇ ਲੱਖਾਂ ਸੰਗਤਾਂ ਦੀ ਸੀ ਕਿਉਂਕਿ ਪਿਆਰ ਹੀ ਅੈਸਾ ਸੀ ਮਹਾਂਪੁਰਸ਼ਾਂ ਦਾ। ਆਪ ਜੀਆਂ ਨੇ ਇਹ ਬਚਨ ਕੀਤਾ ਸੀ ਕਿ ਅਸੀਂ ਸਰੀਰ ਇੰਡੀਆ ਛੱਡਣਾ ਹੈ, ਬਾਹਰ ਨਹੀਂ ਛੱਡਣਾ। ਉਹ ਬਚਨ

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ.....॥

ਪਿਆਰੇ ਦੇ ਪਿਆਰ ਵਿੱਚ ਜੁੜੀਆਂ ਸੰਗਤਾਂ



ਪੂਰਾ ਕੀਤਾ। ਉਹਨਾਂ ਦਾ ਜੀਵਨ, ਪਰਉਪਕਾਰ, ਜਨਮਾਂ ਦੇ ਜਨਮਾਂ ਅਸੀਂ ਸਿਫਤ ਕਰੀ ਜਾਈਏ, ਨਹੀਂ ਦਸਿਆ ਜਾ ਸਕਦਾ ਪਰ ਨਮਸ਼ਕਾਰ ਕਰਦੇ ਹਾਂ। ਸਰੀਰ ਛੱਡਣ ਤੋਂ ਥੋੜ੍ਹੇ ਦਿਨ ਪਹਿਲਾਂ ਆਪ ਜੀ ਬਚਨ ਕਰ ਰਹੇ ਨੇ ਕਿ 31 ਤਰੀਕ ਨੂੰ ਅਸੀਂ ਘਰ ਚਲੇ ਜਾਣਾ ਹੈ। ਕਈਆਂ ਦੇ ਮਨ ਵਿਚ ਇਹ ਵਿਚਾਰ ਆਇਆ ਕਿ ਡਾਕਟਰ ਕਹਿ ਰਹੇ ਨੇ ਕਿ ਆਪ ਜੀ ਦਾ ਸਰੀਰ ਹੁਣ ਬਿਲਕੁਲ ਠੀਕ ਹੈ, ਛੁੱਟੀ ਮਿਲ ਜਾਣੀ ਹੈ ਤੇ 31 ਤਰੀਕ ਨੂੰ ਮਹਾਂਪੁਰਸ਼ ਰਤਵਾੜਾ ਸਾਹਿਬ ਜਾਣਗੇ, ਕੋਠੀ ਜਾਣਗੇ, ਪਰ ਨਹੀਂ ਇਸ਼ਾਰਾ ਹੋਰ ਸੀ। ਕਈਆਂ ਦਾ ਐਸਾ ਖਿਆਲ ਹੁੰਦਾ ਹੈ ਕਿ ਮਹਾਂਪੁਰਸ਼ ਬਚਨ ਦੇ ਨਾਲ ਵੀ ਕਈਆਂ ਦਾ ਰੋਗ ਦੂਰ ਕਰ ਦਿੰਦੇ ਨੇ ਤੇ ਉਹਨਾਂ ਦਾ ਆਪਣਾ ਸਰੀਰ ਕਿਉਂ ਢਿੱਲਾ ਹੁੰਦੈ?

ਸਾਧਸੰਗਤ! ਜਦੋਂ ਮਹਾਂਪੁਰਸ਼ਾਂ ਨੇ ਡਾਕਟਰਾਂ ਦਾ ਭਲਾ ਕਰਨਾ ਹੁੰਦੈ, ਉਸ ਵੇਲੇ ਉਹਨਾਂ ਨੂੰ ਉਹਨਾਂ ਕੋਲ ਜਾਣ ਦਾ ਇਕ ਐਸਾ ਬਹਾਨਾ ਬਣ ਜਾਂਦੈ ਤੇ ਉਹ ਕਦੀ ਵੀ ਬਿਮਾਰ ਨਹੀਂ ਹੁੰਦੇ ਕਿਉਂਕਿ ਉਹ ਸਰੀਰ ਨਹੀਂ ਹੁੰਦੇ।

ਸੰਤ ਬਾਬਾ ਅਮੀਰ ਸਿੰਘ ਜੀ ਮਹਾਂਪੁਰਖ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ 50 ਸਾਲ ਵਿਚ 50 ਕਥਾਵਾਂ ਕੀਤੀਆਂ ਨੇ। ਬੜੀ ਕਮਾਈ ਵਾਲੇ ਮਹਾਂਪੁਰਸ਼ ਹੋਏ ਨੇ। ਇਕ ਟਕਸਾਲ ਚਲਦੀ ਹੈ ਬਾਬਾ ਦੀਪ ਸਿੰਘ ਜੀ ਤੋਂ ਤੇ ਦੂਸਰੀ ਟਕਸਾਲ ਭਾਈ ਮਨੀ ਸਿੰਘ ਜੀ ਦੀ ਟਕਸਾਲ ਸੱਤੋ ਵਾਲੀ ਗਲੀ ਸ੍ਰੀ ਅੰਮ੍ਰਿਤਸਰ ਸਾਹਿਬ ਚਲਦੀ ਹੈ, ਉਹਦੇ ਵਿਚੋਂ ਹੀ ਬਾਬਾ ਅਮੀਰ ਸਿੰਘ ਜੀ ਹੋਏ ਨੇ। ਆਪ ਜੀ ਦਾ ਸਰੀਰ ਢਿੱਲਾ ਹੋ ਗਿਆ। ਪ੍ਰਿੰਸੀਪਲ ਜਗਜੀਤ ਸਿੰਘ ਜੀ ਜਿਹੜੇ 'ਆਤਮ ਮਾਰਗ' ਮੈਗਜ਼ੀਨ 'ਚ ਸੇਵਾ ਕਰਦੇ ਰਹੇ ਨੇ, ਉਹਨਾਂ ਦੇ ਪਿਤਾ ਜੀ ਦਾ ਬੜਾ ਪਿਆਰ ਸੀ। ਕਹਿਣ ਲੱਗੇ, ਮਹਾਂਪੁਰਸ਼ੋ! ਆਪ ਜੀ ਵਰਗਾ ਮਹਾਂਪੁਰਸ਼ ਕਿਹੜਾ ਹੋ ਸਕਦੈ ਜਿਹਦੀ ਐਨੀ ਕਮਾਈ ਹੋਵੇ। ਪੰਜਾਹ ਕਥਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜਾਹ ਸਾਲਾਂ ਵਿਚ ਕੀਤੀਆਂ ਨੇ ਤੇ ਆਪ ਜੀ



ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥ ਵਿਛੋੜੇ ਦੇ ਵੈਰਾਗ ਵਿੱਚ ਬਹਿਬਲ, ਅੰਤਿਮ ਦਰਸ਼ਨਾਂ ਸਮੇਂ ਲੱਖਾਂ ਸੰਗਤਾਂ।



ਵੀ ਸਰੀਰ ਕਰਕੇ ਢਿੱਲੇ ਹੋ, ਸਾਡਾ ਹਾਲ ਕੀ ਹੋਏਗਾ?

ਮਹਾਂਪੁਰਸ਼ ਹੱਸ ਪਏ, ਕਹਿਣ ਲੱਗੇ, ਸਾਨੂੰ ਤਾਂ ਕੋਈ ਵੀ ਫਰਕ ਨਹੀਂ ਹੈ। ਕਿਉਂਕਿ ਮਹਾਂਪੁਰਸ਼ ਸਰੀਰ ਤੋਂ ਉੱਚੇ ਹੁੰਦੇ ਨੇ। ਸਾਨੂੰ ਜ਼ਰਾ ਜਿੰਨਾ ਵੀ ਕੋਈ ਦੁਖ ਨਹੀਂ। ਇਹ ਤਾਂ ਸਰੀਰ ਹੈ ਕਿਉਂਕਿ ਮਹਾਂਪੁਰਸ਼ ਸਰੀਰ ਨਹੀਂ ਹੁੰਦੇ। ਉਹ ਤਿੰਨਾਂ ਸਰੀਰਾਂ ਤੋਂ ਉਪਰ ਅਸਥੂਲ ਸਰੀਰ, ਸੂਖਸ਼ਮ ਸਰੀਰ, ਕਾਰਨ ਸਰੀਰ; ਆਤਮਾ ਤਿੰਨਾਂ ਸਰੀਰਾਂ ਤੋਂ ਉਪਰ ਹੈ। ਉਹਨਾਂ ਨੇ ਆਤਮਾ ਨੂੰ ਸ਼ਾਖਸ਼ਾਤ ਕਰ ਲਿਆ ਹੁੰਦੈ। ਇਸ ਕਰਕੇ ਕਹਿੰਦੇ, ਸਾਨੂੰ ਤਾਂ ਕੋਈ ਫਰਕ ਨਹੀਂ। ਉਹ ਸੰਸਾਰ ਦੇ ਦੁਖ-ਸੁਖ ਤੋਂ ਉਪਰ ਹੁੰਦੇ ਨੇ। ਜਦੋਂ ਕਿਸੇ ਡਾਕਟਰ ਦਾ, ਵੈਦ ਦਾ, ਹਕੀਮ ਦਾ, ਭਲਾ ਕਰਨਾ ਹੁੰਦੈ, ਐਸੀ ਬਿਧ ਬਣ ਜਾਂਦੀ ਹੈ।

ਪਿਆਰੇ ਮਹਾਂਪੁਰਸ਼ਾਂ ਨੇ ਬਚਨ ਕੀਤਾ ਸੀ ਦਾਸ ਕੋਲ ਖੜ੍ਹਾ ਸੀ ਕਿ ਡਾਕਟਰਾਂ ਦੀ ਕੋਈ ਲੋੜ ਨਹੀਂ। ਤੁਸੀਂ ਹੈਰਾਨ ਹੋ ਜਾਓਂਗੇ। ਪੀ.ਜੀ.ਆਈ. ਮਹਾਂਪੁਰਸ਼ ਰੋਜ਼ ਤਿਆਰ ਹੋ ਕੇ ਬੈਠਦੇ, ਲਗਦਾ ਸੀ ਕਿਸੇ ਬਿਮਾਰ ਦਾ ਪਤਾ ਲੈਣ ਆਏ ਹੋਣ। ਉਥੇ ਬੈਠ ਕੇ ਵੀ ਰਤਵਾੜਾ ਸਾਹਿਬ ਦੇ ਸਾਰੇ ਕਾਰਜਾਂ ਦਾ ਕੰਮ ਦੇਖਦੇ ਸੀ ਕਿ ਕਿਵੇਂ ਹੋ ਰਿਹੈ। ਸੋਹਣਾ ਦਸਤਾਰਾ ਸਜਾਉਂਦੇ। ਲੰਗਰ ਇਥੋਂ ਜਾਂਦਾ,

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਪਿਆਰੇ ਦੇ ਵੈਰਾਗ ਵਿੱਚ ਵੱਡੀ ਤਦਾਦ ਵਿੱਚ ਸੰਗਤਾਂ।



ਹਾਸਪੀਟਲ ਦਾ ਖਾਣਾ ਨਹੀਂ ਸੀ ਛਕਦੇ। ਇਕ ਡਾਕਟਰ ਸੀ ਉਹ ਸੇਵਾ ਕਰਦਾ ਸੀ, ਉਹਨੂੰ ਕਹਿੰਦੇ ਜਿਹੜਾ ਸਾਡੇ ਹਿੱਸੇ ਦਾ ਖਾਣਾ ਆਉਂਦਾ ਹੈ ਇਹ ਤੂੰ ਹੀ ਖਾ ਲਿਆ ਕਰ। ਇਥੋਂ ਸ੍ਰੀ ਮਾਨ ਜੀ ਪ੍ਰਸ਼ਾਦਾ ਲੈ ਕੇ ਜਾਂਦੇ, ਉਹ ਲੰਗਰ ਛਕਦੇ। ਉਥੋਂ ਫੇਰ ਸਹਿਜ ਨਾਲ ਹੀ ਰਤਵਾੜਾ ਸਾਹਿਬ ਚੱਕਰ ਵੀ

'ਸਾਜਣ ਚਲੇ ਪਿਆਰਿਆ ਕਿਉ ਮੇਲਾ ਹੋਈ॥' ਦੇ ਭਾਵ ਵਿੱਚ ਵੱਡੀ ਤਦਾਦ ਵਿੱਚ ਸੰਗਤਾਂ



ਮਾਰ ਜਾਂਦੇ। ਬਚਨ ਕੀਤਾ, ਅਸੀਂ 31 ਤਰੀਕ ਨੂੰ ਆਪਣੇ ਘਰ ਚਲੇ ਜਾਣਾ ਹੈ। 31 ਤਰੀਕ ਦਾ ਸਮਾਂ ਆ ਗਿਆ ਤੇ ਮਹਾਂਪੁਰਸ਼ਾਂ ਨੇ ਆਪਣੇ ਦੇਸ਼ ਨੂੰ ਤਿਆਰੀ ਕਰ ਲਈ।

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥
ਅੰਗ- 64

ਉਹ ਘਰ ਕਿਹੜਾ ਹੈ ਜਿਸਨੂੰ ਬੇਗਮਪੁਰਾ ਕਹਿੰਦੇ ਨੇ, ਸਚਖੰਡ ਕਹਿੰਦੇ ਨੇ, ਅਕਾਲ ਮੰਡਲ ਕਹਿੰਦੇ ਨੇ। ਸਰੀਰ ਵਿਚ ਰਹਿੰਦੇ ਹੋਏ ਵੀ ਉਹ ਅਕਾਲ ਮੰਡਲ ਦੇ ਵਾਸੀ ਹੁੰਦੇ ਨੇ।

ਮਹਾਂਪੁਰਸ਼ ਬਚਨ ਕਰਦੇ ਨੇ, ਉਸ ਰਾਤ ਸਰੀਰ ਕਰਕੇ ਜ਼ਰਾ ਵੀ ਅਰਾਮ ਨਹੀਂ ਕੀਤਾ। ਭਾਈ ਗੁਰਦਾਸ ਜੀ ਇਕ ਜਗ੍ਹਾ ਲਿਖਦੇ ਹਨ ਕਿ ਜਿਹੜੇ ਗੁਰਮੁਖ ਹਨ ਉਹਨਾਂ ਦਾ ਸਮਾਂ ਕਿੰਞ ਬੀਤਦਾ ਹੈ –

ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ ਰੈਣਿ ਵਿਹਾਣੀ। ਭਾਈ ਗੁਰਦਾਸ ਜੀ

ਕੇਵਲ ਇਕ ਰਾਤ ਦੀ ਨਹੀਂ, ਇਹ ਜਿਹੜੀ ਜੀਵਨ ਰੂਪੀ ਰਾਤ ਹੈ, ਸੰਸਾਰੀ ਮਨੁੱਖਾ ਦੀ ਤਾਂ ਤਿੰਨਾਂ ਗੁਣਾਂ ਵਿਚ ਸੌਂ ਕੇ ਲੰਘ ਜਾਂਦੀ ਹੈ –

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ਅੰਗ – 920

ਪਰ ਮਹਾਂਪੁਰਖ ਸਦਾ ਹੀ ਸੁਰਤਿ ਕਰਕੇ, ਸਾਧਸੰਗਤ ਜੀ, ਜਾਗਦੇ ਨੇ। ਉਹ ਸਦਾ ਹੀ ਜਾਗਦੇ ਨੇ।

ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਭਾਈ, ਡਾਕਟਰਾਂ ਦੀ ਕੋਈ ਲੋੜ ਨਹੀਂ। ਉਸ ਵੇਲੇ ਦਾਸ, ਸ੍ਰੀ ਮਾਨ ਬਾਬਾ ਕਰਨੈਲ ਸਿੰਘ ਜੀ, ਬਾਬਾ ਹਰਪਾਲ ਸਿੰਘ ਜੀ, ਭਾਈ ਸੁਖਵਿੰਦਰ ਸਿੰਘ ਜੀ, ਭਾਈ ਜਸਵਿੰਦਰ ਸਿੰਘ ਜੀ (ਘੋਲਾ), ਬਾਬਾ ਮਲਕੀਤ ਸਿੰਘ ਭੱਠੇ ਵਾਲੇ ਇਸ ਤਰ੍ਹਾਂ ਦੋ ਚਾਰ ਹੋਰ ਵੀ ਪ੍ਰੇਮੀ ਸਨ। ਸਾਰਿਆਂ ਨੇ ਜਿਸ ਵੇਲੇ ਦੇਖਿਆ ਕਿ ਹੁਣ ਤਾਂ ਉਹ ਸਮਾਂ ਆਉਣ ਵਾਲਾ ਨੇੜੇ ਲਗਦੈ ਜਿਸ ਨੂੰ ਅਸੀਂ ਨਾ ਦੇਖਣਾ ਚਾਹੁੰਦੇ ਹਾਂ, ਨਾ ਸੁਣਨਾ



ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥



ਚਾਹੁੰਦੇ ਹਾਂ ਪਰ ਸਮਾਂ ਅੱਗੇ ਨੂੰ ਜਾ ਰਿਹਾ ਹੈ। ਸਮਾਂ ਰੁਕ ਨਹੀਂ ਰਿਹਾ। ਜਿਵੇਂ ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ ਕਹਿੰਦੇ ਨੇ –

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।
ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।
ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।
ਹੋਸ਼! ਅਜੇ ਸੰਭਲ ਇਸ ਸਮੇਂ ਨੂੰ,
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ,
ਲੰਘ ਗਿਆ ਨ ਮੁੜ ਕੇ ਆਂਵਦਾ।
ਭਾਈ ਵੀਰ ਸਿੰਘ ਜੀ

ਸਮਾਂ ਅੱਗੇ ਨੂੰ ਜਾ ਰਿਹੈ। ਸਾਰੇ ਸਿੰਘ ਚੁੱਪ-ਚਾਪ ਅੰਦਰੋਂ-ਅੰਦਰ ਅਰਦਾਸਾਂ ਕਰ ਰਹੇ ਨੇ। ਛੋਟੇ ਭੈਣ ਜੀ (ਰੂਪੀ) ਨੇ ਮਹਾਂਪੁਰਸ਼ਾਂ ਨਾਲ ਬਚਨ ਕੀਤੇ। ਭਾਈ ਗੁਰਦੀਪ ਸਿੰਘ ਜੀ, ਭਾਈ ਕੁਲਵੀਰ ਸਿੰਘ ਜੀ ਕੈਮਰੇ ਲਿਆਏ। ਪਹਿਲਾਂ ਮਹਾਂਪੁਰਸ਼ ਆਮ ਨਾਰਮਲ ਸਨ, ਸਾਰੇ ਬਚਨ ਕੈਮਰੇ ਵਿਚ ਬੰਦ ਨੇ। ਕੁਝ ਖਾਸ-ਖਾਸ ਬਚਨ। ਜਿਹੜੇ ਡਾਕਟਰ ਸਨ ਉਹ ਹੈਰਾਨ ਹੋ ਰਹੇ ਨੇ ਕਿ ਅਸੀਂ ਤਾਂ ਮਹਾਂਪੁਰਸ਼ਾਂ ਦਾ ਸਰੀਰ ਬਿਲਕੁਲ ਠੀਕ-ਠਾਕ ਸਮਝਦੇ ਸੀ ਕਿ ਹੁਣ ਡਾਕਟਰਾਂ ਦੀ ਕੋਈ ਲੋੜ ਨਹੀਂ। ਇਹਨਾਂ ਦੀ ਸੇਵਾ ਪੂਰੀ ਹੋ ਗਈ ਹੈ। ਸਮਾਂ ਹੁਣ ਜਿਉਂ-ਜਿਉਂ ਅੱਗੇ ਜਾ ਰਿਹਾ ਹੈ, ਉਸ ਸਮੇਂ ਮਹਾਂਪੁਰਸ਼ਾਂ ਨੇ ਪ੍ਰਬੰਧ ਦੇ ਬਚਨ ਕੀਤੇ, ਜੋ ਛੋਟੇ ਭੈਣ ਜੀ ਨੇ ਮਹਾਂਪੁਰਸ਼ਾਂ ਨਾਲ ਕੀਤੇ ਕਿਉਂਕਿ ਦਾਸ ਵੀ ਕੋਲ ਖੜ੍ਹਾ ਸੀ। ਹੋਰ ਵੀ ਸੇਵਕ ਜਿਹੜੇ ਸਨ, ਨੇੜੇ ਖੜ੍ਹੇ ਸਨ। ਮਹਾਂਪੁਰਸ਼ ਕਹਿਣ ਲੱਗੇ, ਤੁਸੀਂ ਥੋੜ੍ਹੇ ਸਮੇਂ ਨੂੰ ਇਹ ਕਹੋਗੇ, 'ਬਾਬਾ ਬੋਲਤੇ ਥੇ ਕਹਾਂ ਗਏ।' ਉਸ ਦੇ ਨਾਲ ਮਹਾਂਪੁਰਸ਼ ਨੇ ਆਹ ਸ਼ਬਦ ਉਚਾਰਨ ਕੀਤਾ –

ਧਾਰਨਾ – ਪੈ ਜਉ ਅਚਿੰਤਾ ਜਾਲ, ਇਕ ਦਿਨ ਪੈ ਜਾਉ।

ਆਹ ਉਪਦੇਸ਼ ਮਹਾਂਪੁਰਸ਼ਾਂ ਨੇ ਸਾਨੂੰ ਦਿਤਾ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਦੋ ਗੱਲਾਂ ਭੁਲਾਓ, ਦੋ ਯਾਦ ਰੱਖੋ। ਭੁਲਾਉਣ ਵਾਲੀਆਂ ਕਿਸੇ ਨਾਲ ਨੇਕੀ ਕੀਤੀ ਹੈ, ਨੇਕੀ ਕਰਕੇ ਭੁਲਾ ਦਿਓ। ਕਿਸੇ ਨੇ ਆਪਣੇ ਨਾਲ ਮਾੜਾ ਕੀਤਾ ਹੈ, ਬਦਲੇ ਦੀ ਭਾਵਨਾ ਨਾ ਰੱਖੋ, ਉਹ ਵੀ ਭੁਲਾ ਦਿਓ।

ਯਾਦ ਰੱਖਣ



ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਅੰਤਿਮ ਸਸਕਾਰ ਦ੍ਰਿਸ਼



ਵਾਲੀਆਂ ਹਨ – ਇਕ ਮੌਤ, ਦੂਜੀ ਵਾਹਿਗੁਰੂ।

ਆਪ ਤਾਂ ਮਹਾਂਪੁਰਸ਼ ਪਿਆਰਿਓ, ਉਸ ਮਾਲਕ ਦਾ ਸਿਮਰਨ ਕਰਕੇ ਉਹਦੇ ਵਿਚ ਅਭੇਦ ਨੇ –

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥
ਅੰਗ – 397

ਉਹਨਾਂ ਬਾਰੇ ਐਸੇ ਬਚਨ ਆਉਂਦੇ ਨੇ। ਸਾਨੂੰ ਉਪਦੇਸ਼ ਦਿਤਾ ਹੈ ਉਹਨਾਂ ਨੇ – 'ਪੈ ਜੂ ਅਚਿੰਤਾ ਜਾਲ ਇਕ ਦਿਨ ਪੈ ਜੂ-ਇਕ ਦਿਨ ਪੈ ਜੂ।' ਭਾਵ ਇਹ ਸਮਾਂ ਯਾਦ ਰੱਖਿਓ। ਜਾਣਾ ਯਾਦ ਰੱਖਿਓ। ਭਾਵੇਂ ਆਪ ਜੀ ਨੇ ਆਪਣੇ ਜੀਵਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੰਸਾਰ ਤਕ ਪਹੁੰਚਾਇਆ ਹੈ ਪਰ ਆਖਰੀ ਬਚਨ ਜਿਹੜੇ ਹੁੰਦੇ ਨੇ ਉਹ ਸਾਨੂੰ ਕੀ ਕੀਤੇ ਨੇ – ਇਕ ਤਾਂ ਜਾਣਾ ਯਾਦ ਰੱਖਿਓ, ਇਕ 'ਸਤਿਨਾਮੁ ਵਾਹਿਗੁਰੂ' ਯਾਦ ਰੱਖਿਓ। ਤਿੰਨ ਵਾਰ "ਸਤਿਨਾਮੁ ਵਾਹਿਗੁਰੂ' 'ਸਤਿਨਾਮੁ ਵਾਹਿਗੁਰੂ' 'ਸਤਿਨਾਮੁ ਵਾਹਿਗੁਰੂ' ਆਪ ਜੀ ਨੇ ਕਿਹਾ।

ਸਤਿਕਾਰਯੋਗ ਬੀਜੀ ਉਹ ਵੀ ਸਵੇਰੇ ਮਹਾਂਪੁਰਸ਼ਾਂ ਨੂੰ ਮਿਲ ਕੇ ਆਏ ਨੇ। ਉਹ ਆਖਰੀ ਸਰੀਰ ਦਾ ਦਰਸ਼ਨ ਸੀ। ਸਾਰਿਆਂ ਨੇ ਮਿਲ ਕੇ ਚੌਪਈ ਸਾਹਿਬ ਦਾ ਪਾਠ ਕੀਤਾ। ਫੇਰ ਦਾਸ ਨੇ ਸੁਖਮਨੀ ਸਾਹਿਬ ਸ਼ੁਰੂ ਕਰ ਲਿਆ। ਮਹਾਂਪੁਰਸ਼ਾਂ ਨੇ ਹੁਣ ਫੇਰ ਕੋਈ ਬਚਨ ਨਹੀਂ ਕੀਤਾ। ਆਪਣੇ ਦੋਵੇਂ ਹੱਥ ਗੋਡਿਆਂ 'ਤੇ ਰੱਖ ਲਏ, ਜਿਵੇਂ ਆਸਣ ਲਾਈਦੈ, ਚੌਂਕੜਾ ਮਾਰ ਕੇ। ਜਿਹੜੇ ਸਾਰੇ ਸਿੰਘ ਸਨ, ਕੁਝ ਮਹਾਂਪੁਰਸ਼ਾਂ ਦੇ ਕੋਲ ਨੇ, ਕੁਝ ਨਾਲ ਦੇ ਕਮਰਿਆਂ ਵਿਚ ਨੇ, ਕੁਝ ਸੁਣ ਕੇ ਹੋਰ ਵੀ ਪਹੁੰਚ ਗਏ ਤੇ ਸਾਰੇ ਹੱਥ ਜੋੜ ਕੇ ਖੜ੍ਹੇ ਹੋਏ ਨੇ।

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥



ਮਹਾਂਪੁਰਸ਼ ਆਸਣ ਲਾ ਕੇ ਬੈਠ ਗਏ ਤੇ ਸਹਿਜੇ-ਸਹਿਜੇ ਆਪ ਜੀ ਸੁਰਤਿ ਚੜ੍ਹਾਉਣ ਲਗ ਪਏ। ਜਿਸ ਵੇਲੇ ਸੁਖਮਨੀ ਸਾਹਿਬ ਦੀ ਇਹ ਅਸਟਪਦੀ ਆਰੰਭ ਹੋ ਰਹੀ ਸੀ, 21ਵੀਂ ਅਸਟਪਦੀ–

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥
ਅੰਗ– 290

ਉਸ ਵੇਲੇ ਆਪ ਜੀਆਂ ਨੇ ਭਾਣਾ ਵਰਤਾ ਦਿਤਾ। ਕਿੱਥੇ ਗਏ? ਜਿਹੜੇ ਰੱਬ ਦੇ ਪਿਆਰੇ ਨੇ ਉਹ ਕਿੱਥੇ ਜਾਂਦੇ ਨੇ? ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਹ ਬਚਨ ਹੈ, ਪਿਆਰਿਓ! ਉਹਨਾਂ ਸਤਿਪੁਰਸ਼ਾਂ ਦਾ ਜਿਹੜਾ ਘਰ ਹੈ,

ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ ਦੇ ਭਾਵ ਵਿੱਚ ਅਸਥੀਆਂ ਦੀ ਸੰਭਾਲ।



ਟਿਕਾਣਾ ਹੈ, ਉਹ ਕਿੱਥੇ ਹੈ? ਉਹ ਤਾਂ ਵਾਹਿਗੁਰੂ ਜੋ ਪਰੀਪੂਰਨ ਹੈ, ਜ਼ਰੇ-ਜ਼ਰੇ ਵਿਚ ਹੈ, ਜਿਵੇਂ ਸਮੁੰਦਰ ਵਿਚ ਘੜਾ ਹੈ, ਵਿਚ ਵੀ ਪਾਣੀ ਬਾਹਰ ਵੀ ਪਾਣੀ, ਘੜਾ ਬਿਆਧੀ ਕਰਕੇ ਵੱਖਰਾ ਹੈ। ਜਦੋਂ ਘੜਾ ਫੁੱਟ ਗਿਆ ਪਾਣੀ ਕਿੱਥੇ ਗਿਆ? ਪਹਿਲਾਂ ਵੀ ਸਮੁੰਦਰ ਵਿਚ, ਫੇਰ ਵੀ ਸਮੁੰਦਰ ਵਿਚ। ਇਸ ਤਰ੍ਹਾਂ –

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਅੰਗ– 278

ਦੂਸਰੇ ਸ਼ਬਦਾਂ ਵਿਚ ਆਪਾਂ ਇਸ ਨੂੰ ਇਸ ਤਰ੍ਹਾਂ ਸਮਝ ਸਕਾਂਗੇ –

ਧਾਰਨਾ – ਸਤਿ ਚਿਤ ਤੇ ਅਨੰਦ ਵਾਲਾ ਦੇਸ਼ ਹੈ,
ਜਿਥੇ ਜਾ ਕੇ ਸਾਧੂ ਵਸਦੇ।

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥
ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥
ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥
ਅੰਗ– 1372

ਸਵਾਸ-ਸਵਾਸ ਗੁਰੂ ਪ੍ਰਮੇਸ਼ਰ ਦੇ ਲੇਖੇ ਲਾਇਆ, ਉਹਨਾਂ ਦਾ ਵਾਸਾ ਸਚਖੰਡ, ਦਰਗਾਹ, ਸਤਿ ਚਿਤ ਅਨੰਦ ਵਾਲਾ ਦੇਸ਼ ਹੈ। ਜਿਵੇਂ ਧੰਨ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਭਾਈ ਪਾਰੋ ਜੀ ਬੇਨਤੀ ਕਰਦੇ ਨੇ, ਸੱਚੇ ਪਾਤਸ਼ਾਹ! ਪਰਮ ਹੰਸ ਦੇ ਕੀ ਲੱਛਣ ਹਨ?

ਧੰਨ ਸ੍ਰੀ ਗੁਰੂ ਅੰਗਦ ਸਾਹਿਬ ਜੀ ਕਹਿੰਦੇ, ਭਾਈ ਪਾਰੋ! ਇਕ ਹੰਸ ਹੁੰਦੇ ਨੇ, ਇਕ ਪਰਮ ਹੰਸ ਹੁੰਦੇ ਨੇ। ਹੰਸ ਮਾਨ-ਸਰੋਵਰ 'ਤੇ ਜਾ ਕੇ ਮਾਣਕ ਮੋਤੀ ਚੁਗਦੇ ਨੇ ਤੇ ਪਰਮ ਹੰਸ ਸਤਿਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਸਾਗਰ ਵਿਚੋਂ ਮੁਕਤ ਰੂਪੀ ਮਾਣਕ ਮੋਤੀ ਗ੍ਰਹਿਣ ਕਰਦੇ ਨੇ।

ਪਹਿਲਾ ਲੱਛਣ, ਧਿਆਨ ਦੇਣਾ ਕਿ ਆਪਣੇ ਮਹਾਂਪੁਰਸ਼ ਕਿਸ ਅਵਸਥਾ ਦੇ ਮਾਲਕ ਨੇ।

ਭਾਈ ਪਾਰੋ! ਦੂਸਰਾ ਬਚਨ ਪਰਮ ਹੰਸ ਦਾ, ਪਰਮ ਹੰਸ ਬ੍ਰਹਮ ਗਿਆਨੀ ਨੂੰ ਕਹਿੰਦੇ ਨੇ। ਦੂਸਰਾ ਲੱਛਣ ਹੈ ਕਿ ਉਹ ਦੇਹ ਨੂੰ ਨਾਸਵੰਤ ਸਮਝਦੇ ਨੇ। ਤੀਸਰਾ ਲੱਛਣ ਉਹ ਆਤਮਾ ਨੂੰ ਸਰੀਰ ਤੋਂ ਵੱਖਰੀ ਜਾਣਦੇ ਨੇ। ਚੌਥਾ ਲੱਛਣ – ਉਹ ਹਰਖ ਤੇ ਸੋਗ ਨੂੰ ਬਰਾਬਰ ਸਮਝਦੇ ਨੇ। ਪੰਜਵਾਂ ਗੁਣ – ਸਤਿ ਤੇ ਅਸਤਿ ਨੂੰ ਨਿਰਣਾ ਕਰਨ ਵਾਲੇ ਹਨ। ਛੇਵਾਂ ਲੱਛਣ – ਉਹਨਾਂ ਦੀ ਬਿਰਤੀ ਹਮੇਸ਼ਾ ਇਕ ਰਸ ਰਹਿੰਦੀ ਹੈ।

ਆਪ ਜੀ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ, ਕਿੰਨੇ-ਕਿੰਨੇ ਸਮੇਂ ਤੋਂ। ਆਪ ਜੀ ਦੀ ਬਿਰਤੀ ਹਮੇਸ਼ਾ ਇਕ ਰਸ ਰਹੀ। ਬੜੀਆਂ ਠੰਢੀਆਂ-ਗਰਮ ਹਨ੍ਹੇਰੀਆਂ ਆਪ ਦੇ ਜੀਵਨ ਵਿਚ ਚੱਲੀਆਂ। ਇਕ ਰਸ ਜੀਵਨ ਰਿਹਾ ਆਪ ਜੀ ਦਾ –

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ – 808

ਸ੍ਰੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਕਹਿੰਦੇ, ਭਾਈ ਪਾਰੋ! ਛੇਵਾਂ ਲੱਛਣ ਬਿਰਤੀ ਇਕ ਰਸ ਰਹਿੰਦੀ ਹੈ। ਸੱਤਵਾਂ ਗੁਣ ਪਰਮ ਹੰਸ ਦਾ ਹੈ ਕਿ ਉਹ ਜੋ ਸਤਿ ਚਿਤ ਅਨੰਦ ਹੈ, ਉਸ ਵਿਚ ਆਪਣਾ ਰੂਪ ਪਛਾਣਦੇ ਨੇ। ਉਹਦੇ ਵਿਚ ਅਭੇਦ ਹੁੰਦੇ ਨੇ। ਇਹ ਗੁਣ ਪਿਆਰੇ ਮਹਾਂਪੁਰਸ਼ਾਂ ਦੇ ਅੰਦਰ ਸਨ –

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥

ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ਅੰਗ - ੨੭੫

ਐਸੇ ਮਹਾਂਪੁਰਸ਼ ਹਨ ਆਪਣੇ। ਆਪ ਜੀਆਂ ਨੇ 1 ਵਜ ਕੇ 13 ਮਿੰਟ 'ਤੇ ਭਾਣਾ ਵਰਤਾ ਦਿਤਾ। ਮਿੰਟਾਂ-ਸਕਿੰਟਾਂ ਦੇ ਅੰਦਰ ਜਿਵੇਂ ਜੰਗਲ ਦੀ ਅੱਗ ਵਾਂਗੂੰ ਖਬਰ ਫੈਲਦੀ ਹੈ, ਇਸ ਤਰ੍ਹਾਂ ਸੰਗਤਾਂ ਦੇ ਵਿਚ ਗੱਲ ਫੈਲ ਗਈ। ਇਹ ਕੀ ਬਣਿਆ, ਜਿਸ ਪਾਸੇ ਵੀ ਦੇਖੋ, ਸੰਗਤਾਂ ਦੇ ਨੇਤਰਾਂ 'ਚੋਂ ਛਮ-ਛਮ ਹੰਝੂ ਆ ਰਹੇ ਨੇ।

ਅਸੀਂ ਬੇਵਸ ਹੋ ਗਏ ਕਿ ਮਹਾਂਪੁਰਸ਼ਾਂ ਦਾ ਸਰੀਰ ਜਲਦੀ ਤੋਂ ਜਲਦੀ ਕਿਵੇਂ ਰਤਵਾੜਾ ਸਾਹਿਬ ਲੈ ਕੇ ਜਾਈਏ। ਫਿਰ ਉਸ ਵੇਲੇ ਇਥੇ ਮਹਾਂਪੁਰਸ਼ਾਂ ਦਾ ਸਰੀਰ ਲਿਆ ਕੇ ਸਤਿਕਾਰ ਪਿਆਰ ਨਾਲ ਰੱਖਿਆ, ਜਿਹੜਾ ਸ਼ੀਸ਼ੇ ਦਾ ਕੈਬਿਨ ਬਣਿਆ ਸੀ, ਉਸ ਵਿਚ।

ਹੁਣ ਸਮਾਗਮ ਦੀਆਂ ਤਿਆਰੀਆਂ ਤਾਂ ਅਸੀਂ ਬੜੀਆਂ ਖੁਸ਼ੀਆਂ ਨਾਲ ਕਰਿਆ ਕਰਦੇ ਸੀ ਪਰ ਸਾਡੇ ਵਾਸਤੇ, ਸਾਰੀ ਸੰਗਤ ਵਾਸਤੇ ਉਹ ਸਮੇਂ ਕੀ ਹਾਲ ਸੀ ਸਾਰਿਆਂ ਦਾ।, ਉਹ ਸਾਰੇ ਹੀ ਗੁਰਮੁਖ ਪਿਆਰੇ ਜਾਣਦੇ ਹਨ।

ਮਹਾਂਪੁਰਸ਼ਾਂ ਦੇ ਪਵਿੱਤਰ ਸਰੀਰ ਦਾ ਸਸਕਾਰ 2 ਨਵੰਬਰ ਨੂੰ ਹੋਇਆ। ਉਹ ਸਦਾ ਹੀ ਅਮਰ ਨੇ। ਇਹਨਾਂ ਅੱਖਾਂ ਨਾਲ ਭਾਵੇਂ ਸਾਨੂੰ ਸਰੀਰ ਕਰਕੇ ਨਜ਼ਰ ਨਹੀਂ ਆਉਂਦੇ ਪਰ ਸਾਹਿਬ ਕਹਿੰਦੇ ਨੇ -

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ- ੨੭੩

ਉਹ ਸਦਾ ਜੀਂਵਦਾ ਹੈ। ਜੇ ਸਾਡੇ ਅੰਦਰ ਪਿਆਰ ਹੈ, ਉਹਨਾਂ ਦੇ ਅਸੀਂ ਦਰਸ਼ਨ ਚਾਹੁੰਦੇ ਹਾਂ, ਮਹਾਂਪੁਰਸ਼ ਤੇ ਬੀਜੀ ਦੀਆਂ ਅਸੀਸਾਂ ਚਾਹੁੰਦੇ ਹਾਂ ਤਾਂ ਉਹਨਾਂ ਦੇ ਬਚਨਾਂ ਨੂੰ ਹਿਰਦੇ ਵਿਚ ਸੰਭਾਲੀਏ। ਉਹਨਾਂ ਨੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ। ਜਿੰਨੀਆਂ ਪੁਸਤਕਾਂ ਹਨ ਸ਼ਾਇਦ ਹੀ ਕੋਈ ਵਿਰਲਾ ਮਹਾਂਪੁਰਖ ਹੋਏਗਾ ਜਿਨ੍ਹਾਂ ਦਾ ਐਨਾ ਲਿਟਰੇਚਰ ਹੈ। ਸੰਤ ਸਮਾਜ ਵਲੋਂ ਇਕ ਕੋਈ ਮੈਗਜ਼ੀਨ ਨਿਕਲਣਾ ਚਾਹੀਦਾ ਹੈ, ਵਿਚਾਰਾਂ ਹੁੰਦੀਆਂ ਰਹੀਆਂ, ਨਹੀਂ ਨਿਕਲਿਆ ਪਰ ਇਹ 'ਆਤਮ ਮਾਰਗ' ਮੈਗਜ਼ੀਨ ਮਹਾਂਪੁਰਸ਼ਾਂ ਵਲੋਂ ਸੰਨ 1995 ਵਿਚ ਨਿਕਲਿਆ। ਜਿਸ ਨੂੰ ਮਹਾਂਪੁਰਸ਼ਾਂ ਨੇ ਸਤਿਕਾਰਯੋਗ ਬੀਜੀ ਤੋਂ Re-lease ਕਰਾਇਆ। ਇਸ ਵਿਚ ਇਕ-ਇਕ ਬਚਨ ਗੁਰਮਤਿ ਦੇ ਅਨੁਸਾਰ ਹੈ। ਮਹਾਂਪੁਰਸ਼ਾਂ ਦਾ ਐਸਾ ਜੀਵਨ ਕਿ ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ ਵਰਗੇ ਪਹਿਲੀ ਵਾਰ 'ਚ ਸਭ ਕੁਝ ਮਹਾਂਪੁਰਸ਼ਾਂ ਨੂੰ ਦੇ ਬੈਠੇ।

ਆਪਾਂ ਇਕ ਵਿਚਾਰ ਕਰਦੇ ਹਾਂ, ਲਿਖਦੇ ਹਾਂ ਕਿ ਮਹਾਂਪੁਰਸ਼ ਇਥੇ ਗਏ, ਓਥੇ ਗਏ। ਇਹ ਇਕ ਅਲੱਗ ਚੀਜ਼ ਹੈ ਪਰ ਪਿਆਰਿਓ! ਦੇਖਿਆ ਜਾਵੇ ਇਕ ਨਹੀਂ ਕਿੰਨੇ ਹੀ ਵੱਡੇ-ਵੱਡੇ ਅਭਿਆਸੀ, ਦੂਸਰੇ ਮਜ਼ਬੂਆਂ ਵਾਲੇ, ਜਿਹੜੇ ਮਹਾਂਪੁਰਸ਼ਾਂ ਕੋਲ ਆ ਕੇ, ਇਕੱਲੇ ਮਿਲ ਕੇ, ਰੂਹਾਨੀ ਸੇਧ ਲਿਆ ਕਰਦੇ ਸੀ, ਉਹਨਾਂ ਵਿਚ ਡਾ. ਸਵਾਮੀ ਰਾਮ ਜੀ ਸਨ।

ਪਹਿਲੀ ਵਾਰ ਜਦੋਂ ਡਾ. ਸਵਾਮੀ ਰਾਮ ਜੀ ਰਤਵਾੜਾ ਸਾਹਿਬ ਆਏ, ਦਾਸ ਵੀ ਕੁਦਰਤੀ ਰਤਵਾੜਾ ਸਾਹਿਬ ਸੀ, ਨਹੀਂ ਤਾਂ ਦਾਸ ਦੀ ਡਿਊਟੀ ਤਾਂ ਕਦੇ ਕਲਕੱਤੇ, ਕਦੇ ਬੰਬਈ, ਦੂਰ-ਦੂਰ ਹੁੰਦੀ। ਜਦੋਂ ਨੇੜੇ ਹੁੰਦਾ ਉਸ ਵੇਲੇ ਐਤਵਾਰ ਦਾ ਦੀਵਾਨ ਸਰਵਣ ਕਰਦਾ ਜਾਂ 50 ਕਿਲੋਮੀਟਰ ਏਰੀਆ ਹੁੰਦਾ, ਫੇਰ ਦਰਸ਼ਨ ਹੋ ਜਾਂਦੇ ਸੀ ਮਹਾਂਪੁਰਸ਼ਾਂ ਦੇ। ਇਕ ਮਹੀਨਾ ਪਹਿਲਾਂ ਮਹਾਂਪੁਰਸ਼ਾਂ ਦਾ ਬਚਨ ਹੋਇਆ ਕਿ ਇਕ ਰਾਤ ਤੋਂ ਜ਼ਿਆਦਾ ਬਾਹਰ ਦੂਰ ਨਹੀਂ ਨਹੀਂ ਰਹਿਣਾ। ਫੇਰ ਬਚਨ ਹੋ ਗਿਆ ਪੰਜਾਹ ਕਿਲੋਮੀਟਰ ਤੋਂ ਦੂਰ ਨਹੀਂ ਜਾਣਾ। ਫੇਰ ਕਹਿੰਦੇ, ਦੀਵਾਨ ਵੀ ਬੰਦ ਕਰ ਦਿਓ। ਸ਼ਾਇਦ ਤਾਂਹੀ ਆਖਰੀ ਸਮਾਂ ਉਹਨਾਂ ਨੇ ਬਖਸ਼ਿਆ।

ਡਾ. ਸਵਾਮੀ ਰਾਮ ਸੰਨ 1993 ਵਿਚ ਪਹਿਲੀ ਵਾਰ ਆਏ ਤੇ ਦਰਖਤਾਂ ਥੱਲੇ ਮਹਾਂਪੁਰਸ਼ ਬੈਠੇ ਨੇ। ਡਾ. ਸਵਾਮੀ ਰਾਮ ਜੀ ਵੀ ਬੈਠੇ ਨੇ, ਅਸਥਾਨ ਦੇ ਸਿੰਘ ਵੀ ਪੰਜ-ਸੱਤ ਨੇੜੇ ਖੜ੍ਹੇ ਹਨ, ਦਾਸ ਵੀ ਕੋਲ ਖੜ੍ਹਾ ਹੈ। ਪੰਜ-ਸੱਤ ਮਿੰਟ ਤੋਂ ਬਾਅਦ ਸਵਾਮੀ ਰਾਮ ਜੀ ਨੇ ਕਿਹਾ ਕਿ ਹਮ ਗਲੇ ਤਕ ਭਰੇ ਹੂਏ ਹੈਂ, ਦਿਲ ਕਰਤਾ ਹੈ ਸਰੀਰ ਛੋੜ ਦੂੰ। ਮਹਾਂਪੁਰਸ਼ ਕਹਿਣ ਲੱਗੇ, ਸਵਾਮੀ ਜੀ! ਸਰੀਰ ਨਹੀਂ ਛੱਡਣਾ। ਆਓ, ਕਮਰੇ 'ਚ ਗਏ। ਇਕ ਘੰਟਾ ਬਚਨ ਹੋਏ। ਉਹ ਡਾ. ਸਵਾਮੀ ਰਾਮ ਜੀ ਹਸਦੇ ਹੋਏ ਬਾਹਰ ਨਿਕਲੇ,

ਕਹਿਣ ਲੱਗੇ, ਆਜ ਹਮੇਂ ਏਕ ਸੰਤ ਮਿਲੇ ਹੈਂ। ਜਿਨ੍ਹਾਂ ਨੇ ਕੋਈ ਸੰਤ ਨਹੀਂ ਸੀ ਛੱਡਿਆ ਹਿਮਾਲਿਆ ਦਾ। ਆਪ ਨੇ ਸਾਰੇ ਸਾਧਨ ਕੀਤੇ ਪਰ ਕਹਿੰਦੇ, ਸ੍ਰੀ ਗੁਰੂ ਨਾਨਕ ਸਾਹਿਬ ਕੇ ਘਰ ਕੇ ਏਕ ਸੰਤ ਮਿਲੇ ਹੈਂ, ਜਿਨਕੋ ਸੰਤ ਕਹਤੇ ਹੈਂ। ਹਮਨੇ ਬਹੁਤ ਬੜਾ ਖਜ਼ਾਨਾ ਲੂਟਾ ਹੈ। ਯੇ ਤੋ ਪਿਆਰ ਕੇ ਸਾਗਰ ਹੈਂ, ਯੇ ਤੋ ਗਿਆਨ ਕੇ ਸੂਰਜ ਹੈਂ।

ਐਸਾ ਪਿਆਰ ਬਣਿਆ ਕਿ ਉਹ ਸਮਾਗਮਾਂ 'ਤੇ ਵੀ ਆਉਂਦੇ ਰਹੇ। ਇਥੇ ਹੀ ਬਸ ਨਹੀਂ ਡਾ. ਸਵਾਮੀ ਰਾਮ ਜੀ ਨੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਮੈਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਬਣਨਾ ਹੈ। ਇਹ ਪ੍ਰਭਾਵ ਮਹਾਂਪੁਰਸ਼ਾਂ ਦਾ ਹੈ। ਉਹਨਾਂ ਨੇ ਸਾਰੀ ਜ਼ਿੰਦਗੀ ਜੋ ਸਾਧਨ ਕੀਤੇ, ਖੋਜਾਂ ਕੀਤੀਆਂ ਅਖੀਰ ਜ਼ਿੰਦਗੀ ਦਾ ਇਹ ਨਤੀਜਾ ਕੱਢਿਆ –

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

ਅੰਗ- ੭੫੦

ਡਾ. ਸਵਾਮੀ ਰਾਮ ਜੀ ਕਹਿਣ ਲੱਗੇ ਕਿ ਮੈਂ ਅੰਮ੍ਰਿਤ ਛਕਣਾ ਹੈ। ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਅੰਮ੍ਰਿਤ ਛਕ ਕੇ ਤੁਸੀਂ ਗੁਰੂ ਨਹੀਂ ਅਖਵਾ ਸਕਦੇ, ਸਿੱਖ ਅਖਵਾ ਸਕਦੇ ਹੋ। ਇਹ ਤੁਸੀਂ ਬਚਨ ਯਾਦ ਕਰ ਲਓ, ਜੇ ਸਿੱਖੀ ਵਿਚ ਆਉਣਾ ਹੈ ਪਰ ਕੁਦਰਤੀ ਐਸਾ ਹੋਇਆ ਕਿ ਡਾ. ਸਵਾਮੀ ਰਾਮ ਜੀ ਸਰੀਰ ਕਰਕੇ ਵਿਛੋੜਾ ਦੇ ਗਏ। ਲੇਕਿਨ ਉਹਨਾਂ ਦੀ ਅਖੀਰੀ ਇੱਛਾ ਸੀ ਜਿਵੇਂ ਕਿ ਗੁਰੂ ਘਰ ਦੇ ਵਿਚ ਹੋਰ ਮਿਸਾਲਾਂ ਮਿਲਦੀਆਂ ਨੇ। ਸਵਾਮੀ ਬ੍ਰਹਮਾ ਨੰਦ ਜੀ ਨੇ ਆਖਰੀ ਬਚਨ ਕੀਤੇ ਸਨ ਕਿ ਜਿਸ ਮਹਾਨ ਵਸਤੂ ਕੋ ਜੀਵਨ ਭਰ ਖੋਜਾ, ਵਹ ਤੋ ਵਸਤੂ ਗੁਰੂ ਘਰ ਮੇਂ ਥੀ। ਅਬ ਏਕ ਜਨਮ ਹਮੇਂ ਗੁਰੂ ਘਰ ਮੇਂ ਲੇਨਾ ਹੋਗਾ, ਤਬ ਹਮਾਰੀ ਕਲਿਆਣ ਹੋਗੀ। ਇਹ ਕਹਿ ਕੇ ਉਹਨਾਂ ਨੇ ਪ੍ਰਾਣ ਛੱਡ ਦਿਤੇ ਸਨ।

ਡਾ. ਸਵਾਮੀ ਰਾਮ ਜੀ ਦਾ ਆਖਰੀ ਬਚਨ ਸੀ ਪਰ ਅਕਾਲ ਪੁਰਖ ਦਾ ਭਾਣਾ ਵਰਤ ਗਿਆ। ਡਾ. ਸਵਾਮੀ ਰਾਮ ਜੀ ਸਤਿਕਾਯੋਗ ਬੀਜੀ ਨੂੰ ਮਾਂ ਕਰਕੇ ਬੁਲਾਉਂਦੇ ਸਨ ਕਿ ਮੇਰੀ ਮਾਤਾ ਹੈ। ਜਿਸ ਡਾ. ਸਵਾਮੀ ਰਾਮ ਜੀ ਨੂੰ ਡਾ. ਵੇਦ ਭਾਰਤੀ ਜੀ ਵਰਗੇ ਆਪਣਾ ਮੁਰਸ਼ਦ ਮੰਨਦੇ, ਉਹ ਡਾ. ਸਵਾਮੀ ਰਾਮ ਜੀ ਮਾਤਾ ਜੀ ਨੂੰ ਸਿਰ ਝੁਕਾਉਂਦੇ ਤੇ ਮਾਤਾ ਜੀ ਉਹਨਾਂ ਦੇ ਸਿਰ 'ਤੇ ਹੱਥ ਰਖਦੇ ਤੇ ਮਾਤਾ ਜੀ, ਮਾਂ ਵਾਲਾ ਪਿਆਰ ਦਿੰਦੇ, ਸਾਧਸੰਗਤ ਜੀ।

ਮਹਾਂਪੁਰਸ਼ਾਂ ਦਾ ਐਸਾ ਪਰਉਪਕਾਰੀ ਜੀਵਨ ਹੈ। ਜੇ ਸਾਡੇ ਅੰਦਰ ਪਿਆਰ ਹੈ ਤਾਂ ਉਹਨਾਂ ਦਾ ਇਕ-ਇਕ ਬਚਨ ਸਾਨੂੰ ਸ਼ਬਦ ਗੁਰੂ ਨਾਲ ਜੋੜਦਾ ਹੈ, ਨਾਮ ਦੀ ਪ੍ਰੇਰਨਾ ਦਿੰਦਾ ਹੈ। ਉਹਨਾਂ ਦਾ ਜੀਵਨ ਦੇਖੋ, ਸਿੰਧ ਵਿਚ ਰਹੇ ਤਾਂ, ਫੌਜ ਵਿਚ ਰਹੇ ਤਾਂ, ਯੂ.ਪੀ ਫਾਰਮ ਦਾ ਕੰਮ ਕੀਤਾ ਤਾਂ, ਆਪਣੀ ਕਿਰਤ ਕਰਕੇ ਨਿਰਬਾਹ ਕੀਤਾ। ਕਿਹਾ ਕਰਦੇ ਕਿ ਸਾਡੇ ਸਿਰਫ ਚਾਰ ਹੀ ਬੱਚੇ ਨਹੀਂ ਹਨ, ਸਾਡੇ ਹਜ਼ਾਰਾਂ ਲੱਖਾਂ ਬੱਚੇ ਨੇ। ਭਾਵ ਆਪਣੇ ਬੱਚਿਆਂ ਨਾਲੋਂ ਸਾਨੂੰ ਵਧ ਕੇ ਮਹਾਂਪੁਰਸ਼ਾਂ ਨੇ ਪਿਆਰ ਦਿਤਾ। ਉਹਨਾਂ ਮਹਾਂਪੁਰਸ਼ਾਂ ਦੀ ਆਪਾਂ ਯਾਦ ਮਨਾ ਰਹੇ ਹਾਂ।

ਆਹ ਜਿੰਨੇ ਵੀ ਪਰਉਪਕਾਰ ਦੇ ਕਾਰਜ ਹੋ ਰਹੇ ਹਨ, ਮਹਾਂਪੁਰਸ਼ਾਂ ਦੀਆਂ ਕਮਾਈਆਂ, ਉਹਨਾਂ ਦੇ ਬਚਨ ਹਨ। ਰਤਵਾੜਾ ਸਾਹਿਬ ਦੋ ਸਕੂਲ ਚਲ ਰਹੇ ਨੇ, ਇਸ ਦੇ ਨਾਲ ਹੀ ਮਹਾਂਪੁਰਸ਼ਾਂ ਦੇ ਨਾਂ 'ਤੇ ਬਨੂੜ ਸਕੂਲ ਹੈ, ਬਾਬਾ ਗੁਰਦੇਵ ਸਿੰਘ ਜੀ ਚਲਾ ਰਹੇ ਨੇ। ਰਾਜਪੁਰੇ ਸਕੂਲ ਹੈ ਮਹਾਂਪੁਰਸ਼ਾਂ ਦੇ ਨਾਂ 'ਤੇ। ਚਮਕੌਰ ਸਾਹਿਬ ਦੇ ਨੇੜੇ ਸਕੂਲ ਹੈ, ਮਹਾਂਪੁਰਸ਼ਾਂ ਦੇ ਨਾਂ 'ਤੇ। ਫਰੀਦਕੋਟ ਸਕੂਲ ਚੱਲ ਰਿਹੈ। ਭਾਵ 8-10 ਸਕੂਲ ਚਲ ਰਹੇ ਹਨ। ਇਥੇ ਜਿਥੇ ਸਕੂਲ ਚੱਲ ਰਹੇ ਨੇ ਉਹਦੇ ਨਾਲ ਬੀ.ਐਡ ਕਾਲਜ ਤੇ ਨਰਸਿੰਗ ਕਾਲਜ ਵੀ ਚੱਲ ਰਹੇ ਨੇ। 'ਆਤਮ ਮਾਰਗ' ਮੈਗਜ਼ੀਨ ਹੈ, ਮਹਾਂਪੁਰਸ਼ਾਂ ਦੀ ਸੀਡੀਆਂ ਹਨ, ਪੁਸਤਕਾਂ ਹਨ, ਵੀਡੀਓ ਕੈਸਟਾਂ ਹਨ ਇਹ ਸਭ ਕੁਛ ਇਸੇ ਵਾਸਤੇ ਹੈ ਕਿ ਅਸੀਂ ਗੁਰੂ ਨਾਲ ਜੁੜ ਜਾਈਏ, ਬਾਣੀ ਨਾਲ ਜੁੜ ਜਾਈਏ। ਸਾਡਾ ਜੀਵਨ ਲੇਖੇ ਵਿਚ ਲਗ ਜਾਵੇ।

ਇਥੇ ਸਕੂਲਾਂ ਵਿਚ ਦੁਨਿਆਵੀ ਪੜ੍ਹਾਈ ਦੇ ਨਾਲ, ਗੁਰਬਾਣੀ ਪੜ੍ਹਾਈ ਜਾਂਦੀ ਹੈ, ਧਰਮ ਪੋਥੀਆਂ ਪੜ੍ਹਾਈਆਂ ਜਾਂਦੀਆਂ ਹਨ, ਪੰਜਾਬੀ ਪੜ੍ਹਾਈ ਜਾਂਦੀ ਹੈ। ਇਹ ਨਹੀਂ ਕਿ ਬੱਚੇ ਪੰਜਾਬੀ ਨਹੀਂ ਪੜ੍ਹਦੇ, ਪੜ੍ਹਦੇ ਨੇ।

ਪੁਸਤਕਾਂ, ਮੈਗਜ਼ੀਨ, ਮਹਾਂਪੁਰਸ਼ਾਂ ਦਾ ਇਕ-ਇਕ ਬਚਨ ਅਮੋਲਕ ਹੈ। ਇਹ ਜ਼ਰੂਰ ਘਰ-ਘਰ ਤਕ ਪਹੁੰਚਾਓ।

ਹੋਈਆਂ ਭੁੱਲਾਂ ਦੀ ਖਿਮਾ। ਪਿਆਰ ਨਾਲ ਫਤਹਿ ਬੁਲਾਓ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

(ਪੰਨਾ 30 ਦੀ ਬਾਕੀ)

ਤੇਰ੍ਹਾਂ ਹੀ ਤੇਰ੍ਹਾਂ ਕਰੀ ਗਿਆ, ਚੌਦਾਂ ਗਿਣੀ ਹੀ ਨਹੀਂ। ਇਥੇ ਤਾਂ ਹਜ਼ਾਰਾਂ ਬੰਦੇ ਆ ਕੇ ਝੋਲੀਆਂ ਭਰ-ਭਰ ਕੇ ਲੈ ਗਏ। ਤੇਰ੍ਹਾਂ ਤੋਂ ਅਗਾਂਹਾਂ ਧੜੀ ਹੀ ਨਹੀਂ ਉਹਨੇ ਗਿਣੀ। ਜੇ ਤੇਰ੍ਹਾਂ-ਤੇਰ੍ਹਾਂ ਕਰਦੇ ਆਪੇ ਹੀ ਕੱਪੜਾ ਖਿੱਚ ਲਿਆ ਕਿਸੇ ਨੇ, ਦੂਜਾ ਵਿਛਾ ਦਿਤਾ ਤਾਂ ਉਹਦੇ ਉਤੇ ਤੇਰ੍ਹਾਂ-ਤੇਰ੍ਹਾਂ ਹੀ ਗਿਣੀ ਜਾਣੈ। ਇਕ-ਦੋ ਨਹੀਂ ਉਹ ਗਿਣਦਾ ਸੀ। ਬਈ ਉਹਨੇ ਸਾਰਾ ਲੁਟਾ ਦਿਤਾ ਹੁਣ ਜਾ ਕੇ ਵੇਈਂ ਨਦੀ 'ਚ ਡੁੱਬ ਗਿਆ।

ਨਵਾਬ ਕਹਿਣ ਲੱਗਿਆ, ਤਾਲੇ ਮਾਰ ਦਿਓ, ਸੀਲ ਕਰ ਦਿਓ ਸਟੋਰਾਂ ਨੂੰ ਤੇ ਭਾਈਆ ਜੈ ਰਾਮ ਜੀ ਨੂੰ ਬੁਲਾਓ। ਬੁਲਾਇਆ। ਨਰਾਜ਼ ਹੋ ਗਿਆ, ਦੌਲਤਖਾਨ। ਜੈ ਰਾਮ! ਇਹ ਤੇਰਾ ਜੋ ਰਿਸ਼ਤੇਦਾਰ ਹੈ। ਉਹ ਮਸਤਾਨਾ ਹੋ ਗਿਆ। ਮਸਤਾਨਾ ਹੋ ਕੇ ਜਦੋਂ ਉਹਦਾ ਦਿਮਾਗ ਖਰਾਬ ਹੋਇਆ ਸੀ। ਤੂੰ ਦੇਖਦਾ ਕਿ ਇਹ ਲੁਟਾਈ ਜਾਂਦੈ ਮੇਰਾ ਮੋਦੀਖਾਨਾ। ਮੈਂ ਹੁਣ ਹਿਸਾਬ-ਕਿਤਾਬ ਲਵਾਉਣੈ। ਮੇਰਾ ਹਿਸਾਬ ਪੂਰਾ ਕਰੋ। ਹੁਕਮ ਦੇ ਦਿਤਾ ਕਿ ਇਹਨਾਂ ਨੂੰ ਕੈਦ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਬਾਹਰ ਆ ਜਾਂਦੇ ਨੇ, ਇਕੋ ਗੱਲ ਕਹਿੰਦੇ ਨੇ -

ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥ *ਅੰਗ- ੧੧੩੬*

ਕੋਈ ਬਚਨ ਨਹੀਂ ਕਰਦੇ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਅੰਦਰ ਲਿਆ ਕੇ ਬੰਦ ਕਰ ਦਿਤਾ। ਲੇਖਾ-ਪੱਤਾ ਹੋਣਾ ਸ਼ੁਰੂ ਹੋ ਗਿਆ। ਕਿੰਨੇ ਰੁਪਏ ਨਿਕਲੇ ਵਾਧੂ ਨਿਕਲੇ ਸ੍ਰੀ ਗੁਰੂ ਨਾਨਕ ਸਾਹਿਬ ਦੇ। 782 ਰੁਪਏ ਵਾਧੂ ਨਿਕਲੇ। ਉਸ ਵੇਲੇ ਇਕ ਰੁਪਈਏ ਦੇ ਚਾਰ ਕੁਵਿੰਟਲ ਛੋਲੇ ਆਉਂਦੇ ਸੀ। ਇਹਦਾ ਮਤਲਬ ਇਕ ਰੁਪਈਆ ਸ੍ਰੀ ਗੁਰੂ ਨਾਨਕ ਸਾਹਿਬ ਦਾ ਅੱਜ ਦੇ 3000 ਤੋਂ ਵੱਧ, ਵਾਧੂ ਨਿਕਲਿਆ। 782 ਦੇਖ ਲਓ ਕਿੰਨਾ ਹੋ ਗਿਆ। 20 ਲੱਖ ਤੋਂ ਉਤੇ ਵਾਧੂ ਅੱਜ ਦੇ ਹਿਸਾਬ ਨਾਲ ਵਾਧੂ ਨਿਕਲੇ।

ਸ੍ਰੀ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਕਿ ਤੁਹਾਡਾ ਐਨਾ ਰੁਪਿਆ ਵਧ ਗਿਆ।

ਕਹਿੰਦੇ, ਦੇ ਦਿਓ ਗਰੀਬਾਂ ਨੂੰ। ਲੁਟਾ ਦਿਓ ਸਾਰਾ ਗਰੀਬਾਂ ਨੂੰ। ਸਹੁਰਾ ਉਹਨਾਂ ਦਾ ਰੋਲਾ ਪਾਉਂਦੈ ਕਿ ਐਨਾ ਰੁਪਿਆ ਲੁਟਾ ਰਹੇ ਹੋਂ, ਬੱਚੇ ਕੀ ਖਾਣਗੇ?

ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਨੇ, ਕਿ ਰੱਬ ਦੇ ਰਾਹ ਉਤੇ ਦਿਤਾ ਹੋਇਆ ਵਧਿਆ ਕਰਦੈ। ਕਦੇ ਘਟਿਆ ਨਹੀਂ ਕਰਦਾ। ਜੇ ਕਮਾਈ ਵਧਾਉਣੀ ਹੈ, ਪ੍ਰਮੇਸ਼ਰ ਦੇ ਨਮਿੱਤ ਦਾਨ ਕਰੋ, ਲੰਗਰਾਂ 'ਚ ਕਰੋ। ਘਟੇਗਾ ਨਹੀਂ ਕਦੇ। ਵਾਧਾ ਹੀ ਵਾਧਾ ਹੁੰਦਾ ਚਲਿਆ ਜਾਏਗਾ -

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ *ਅੰਗ - ੧੮੬*

ਸੋ ਮੱਝੀਆਂ ਦਾ ਖਾਧਾ ਹੋਇਆ ਕੀ ਹੋਣਾ ਸੀ। ਉਹ ਤਾਂ ਆਪ ਨਿਰੰਕਾਰ ਸਬਕ ਦੇਣ ਆਏ ਸੀ ਸਾਨੂੰ। ਅਸੀਂ ਉਹਨਾਂ ਦੀ ਲੀਲਾ ਨੂੰ ਕੋਈ ਨਹੀਂ ਜਾਣਦੇ। ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਮੈਂ ਕੀ ਜਾਣਾ ਓ ਤੇਰੀ ਸਾਰ ਨੂੰ,
ਸਾਹਿਬਾ! ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।
ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ਅੰਗ - ੭੨੬

ਜ਼ਿੰਦਗੀ ਦੇ ਅੰਦਰ ਅਨੇਕਾਂ ਹੀ ਛੋਟੀਆਂ-ਛੋਟੀਆਂ ਸਾਖੀਆਂ ਨੇ। ਹਰ ਸਾਖੀ ਦੇ ਵਿਚ ਵੱਡਾ ਭਾਰਾ ਉਪਦੇਸ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹੋਰ ਥੋੜ੍ਹੇ ਜਿਹੇ ਵੱਡੇ ਹੋਏ। ਉਸ ਵੇਲੇ ਬਾਬਾ ਮਹਿਤਾ ਜੀ ਨੇ ਭਾਈਚਾਰੇ ਨਾਲ ਵਿਚਾਰ ਕਰਕੇ ਦਿਨ ਰੱਖ ਲਿਆ। ਕਹਿਣ ਲੱਗੇ, ਅਸੀਂ ਖੱਤਰੀ ਹਾਂ, ਜਦੋਂ ਤਕ ਜੰਞੂ ਨਹੀਂ ਗਲ ਵਿਚ ਪਾਉਂਦੇ, ਯਗੋਪਵੀਤ ਨਹੀਂ ਕਰਦੇ, ਓਨੀਂ ਦੇਰ ਤਕ ਇਹ ਤਾਂ ਵੇਤੱਗੇ ਰਹਿਣਗੇ। ਇਹਨਾਂ ਨਾਲ ਕਿਸੇ ਨੇ ਖਾਣਾ ਨਹੀਂ, ਕਿਸੇ ਨੇ ਇਹਨਾਂ ਨਾਲ ਵਰਤਣਾ ਨਹੀਂ ਕਿਉਂਕਿ ਉਸ ਵੇਲੇ ਮੰਤਰ ਪੜ੍ਹਿਆ ਜਾਂਦਾ ਸੀ ਜਿਸ ਵਕਤ ਜਨੇਊ ਪਾਉਂਦੇ ਸੀ। ਪਾਧਾ ਮੰਤਰ ਪੜ੍ਹ-ਪੜ੍ਹ ਕੇ ਗਲ ਵਿਚ ਪਾਉਂਦਾ ਸੀ ਕਿ ਪਰਮ ਪਵਿੱਤਰ ਹੋ ਗਿਆ ਕਿਉਂਕਿ ਤੂੰ ਧਾਗਾ ਪਾ ਲਿਆ ਹੁਣ।

ਦੇਖੋ, ਕਿਹੋ ਜਿਹੀ ਸ੍ਰੀ ਗੁਰੂ ਨਾਨਕ ਸਾਹਿਬ ਰਮਜ਼ ਮਾਰਦੇ ਹਨ। ਸਾਰਾ ਭਾਈਚਾਰਾ ਕਹੀ ਜਾਂਦੈ ਕਿ ਪਵਿੱਤਰ ਹੋ ਗਿਆ। ਪਵਿੱਤਰ ਨਹੀਂ ਪਰਮ ਪਵਿੱਤਰ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਮੁਸਕਰਾ ਰਹੇ ਨੇ। ਕਹਿੰਦੇ, ਪਾਧਾ ਜੀ! ਇਹ ਕੀ ਕਰਨ ਲੱਗੇ ਹੋਂ?

ਕਹਿੰਦੇ, ਨਾਨਕ ਜੀ! ਹੁਣ ਕੁਲ ਪਰੋਹਤ ਸੀ, ਗੱਲਾਂ ਸਾਰੀਆਂ ਸੁਣੀਆਂ ਹੋਈਆਂ ਸੀ। ਸਿਆਣੇ ਬੰਦੇ ਸੋਚ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਗੱਲ ਕਰਦੇ ਸੀ ਕਿ ਇਹਨਾਂ ਨੇ ਇਥੇ ਹੀ ਕਾਟ ਕਰ ਦੇਣੀ ਹੈ। ਸਾਡੀ ਇੱਜ਼ਤ ਰਹਿ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਖੁਸ਼ੀ ਲੈ ਆਈਏ। ਕਿਤੇ ਹਾਸੋ-ਹੀਣੇ ਨਾ ਹੋ ਜਾਈਏ ਕਿਉਂਕਿ ਹਾਲੇ ਤਕ ਸ੍ਰੀ ਗੁਰੂ ਨਾਨਕ

ਦੇਵ ਜੀ ਦੇ ਸਾਮ੍ਹਣੇ ਐਸਾ ਕੋਈ ਨਹੀਂ ਸੀ ਆਇਆ ਜਿਹੜਾ ਉਹਨਾਂ ਨੂੰ ਕੋਈ ਮੱਤ ਦੇ ਸਕਦਾ। ਤਿਆਰੀ ਹੋ ਗਈ, ਭਾਈਚਾਰਾ ਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਚੌਂਕੀ 'ਤੇ ਬਿਠਾ ਦਿਤਾ ਤੇ ਜਨੇਊ ਵੱਟਣਾ ਸ਼ੁਰੂ ਹੋ ਗਿਆ। ਜਿਸ ਵਕਤ ਵੱਟ ਲਿਆ, ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਦੋਂ ਗਲ 'ਚ ਪਾਉਣ ਲੱਗੇ ਤਾਂ ਮਹਾਰਾਜ ਨੇ ਉਤੇ ਹੱਥ ਕਰ ਲਿਆ। ਕਹਿੰਦੇ, ਇਹ ਕੀ ਕਰਦੇ ਹੋਂ? ਕਹਿੰਦੇ, ਜਨੇਊ ਪਾਉਂਦੇ ਹਾਂ ਫੇਰ ਤੁਸੀਂ ਪਰਮ ਪਵਿੱਤਰ ਹੋ ਜਾਓਂਗੇ।

ਮਹਾਰਾਜ ਕਹਿਣ ਲੱਗੇ, ਪੰਡਤ ਜੀ! ਆਹ ਧਾਗਾ ਪਾ ਕੇ ਮੈਂ ਪਰਮ ਪਵਿੱਤਰ ਹੋ ਜਾਊਂਗਾ? ਮੈਨੂੰ ਇਹਦਾ ਮਤਲਬ ਸਮਝਾਓ ਪਹਿਲਾਂ। ਕਰੋੜਾਂ ਜਨਮਾਂ ਦੇ ਪਾਪ ਇਸ ਧਾਗੇ ਨਾਲ ਲਹਿ ਜਾਣਗੇ? ਤੁਸੀਂ ਤਾਂ ਕਹਿੰਦੇ ਹੋਂ ਕਿ ਪਰਮ ਪਵਿੱਤਰ ਹੋ ਜਾਏਂਗਾ।

ਜਨੇਊ ਪਾਉਣ ਵਾਲਾ ਪੰਡਤ ਠਠੰਬਰ ਗਿਆ ਕਿ ਲੈ ਬਈ! ਹੁਣ ਤਾਂ ਗੱਲ ਮੇਰੇ 'ਤੇ ਆ ਗਈ।

ਕਹਿੰਦਾ, ਨਾਨਕ ਜੀ! ਇਹ ਜਨੇਊ ਪਾ ਕੇ ਦੂਜਾ ਜਨਮ ਹੋ ਜਾਂਦਾ ਹੈ, ਪਵਿੱਤਰ ਜਨਮ। ਅਸੀਂ ਇਹੀ ਕਹਿੰਦੇ ਹਾਂ ਕਿ ਹੁਣ ਤੂੰ ਜਨੇਊ ਪਾ ਲਿਆ ਤੇਰੇ ਪਹਿਲੇ ਜਨਮ ਦੇ ਪਾਪ ਖਤਮ ਹੋ ਜਾਣੇ ਨੇ। ਅਸੀਂ ਵੀ ਐਵੇਂ ਹੀ ਕਹਿੰਦੇ ਹਾਂ ਕਿ ਹੁਣ ਤੂੰ ਅੰਮ੍ਰਿਤ ਛਕ ਲਿਆ, ਤੇਰੇ ਸਾਰੇ ਪਹਿਲੇ ਪਾਪ ਖਤਮ। ਗੱਲ ਤਾਂ ਉਥੇ ਹੀ ਆਉਂਦੀ ਹੈ। ਵਿਚਾਰ ਨਾਲ ਗੱਲ ਸੋਚਣੀ ਚਾਹੀਦੀ ਹੈ। ਪਾਪ ਖਤਮ ਹੁੰਦੇ ਨੇ, ਨਾਮ ਜਪਣ ਨਾਲ –

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ *ਅੰਗ – ੪*

ਮੈਲ ਲੱਗੀ ਹੋਈ ਹੈ ਮਨ ਨੂੰ –

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਅੰਗ- ੬੫੧

ਫੇਰ ਤਾਂ ਬਹੁਤਾ ਹੀ ਸੁਖਾਲਾ ਕੰਮ ਹੈ ਜੇ ਕਹਿ ਦਿਓ ਕਿ ਫਲਾਣੇ ਰੰਗ ਦੇ ਜਾਂ ਗੇਰੂ ਰੰਗ ਦੇ ਕੱਪੜੇ ਪਾ ਲੈ, ਤੇਰੇ ਪਾਪ ਨਸ਼ਟ ਹੋ ਜਾਣਗੇ। ਜੈਨੀ ਕਹਿੰਦੇ, ਵਾਲ ਇਕੱਲਾ-ਇਕੱਲਾ ਪੁਟਾ ਲੈ, 'ਅਬ ਦੁਖ ਫੇਰ ਸੁਖ'। ਪੰਜ-ਦਸ ਬਹਿ ਜਾਂਦੇ ਨੇ, ਇਕ-ਇਕ ਬਾਲ ਫੜੀ ਜਾਂਦੇ ਨੇ, ਜ਼ੋਰ ਦੀ ਝਟਕਾ ਮਾਰਦੇ ਨੇ, ਪਿਆ ਚੀਕਾਂ ਮਾਰੀ ਜਾਵੇ। ਕਹਿੰਦੇ ਨੇ, ਅਬ ਦੁਖ ਫਿਰ ਸੁਖ-ਅਬ ਦੁਖ ਫਿਰ ਸੁਖ। ਬਿਲਕੁਲ ਗੰਜਾ ਬਣਾ ਦਿੰਦੇ ਨੇ। ਕਹਿੰਦੇ, ਤੇਰੇ ਪਾਪ ਸਭ ਖਤਮ।

ਮਹਾਰਾਜ ਨਹੀਂ ਮੰਨਦੇ। ਮਹਾਰਾਜ ਕਹਿੰਦੇ, ਬਿਲਕੁਲ ਗਲਤ ਨਿਹਚਾ ਹੈ। ਪਾਪ ਖਤਮ ਹੋਣੇ ਨਾਮ ਜਪਣ ਨਾਲ। ਧਾਗਿਆਂ ਦੇ ਪਾਉਣ ਨਾਲ ਨਹੀਂ ਕਿਤੇ ਪਾਪ ਖਤਮ ਹੁੰਦੇ। ਟਿਕੇ ਲਾਇਆਂ ਤੇ ਨਹੀਂ ਪਾਪ ਖਤਮ ਹੁੰਦੇ। ਸੁੰਨਤਾਂ ਕਰਾਉਣ 'ਤੇ ਕੀ ਪਾਪ ਖਤਮ ਹੋ ਜਾਂਦੇ ਨੇ? ਕਹਿੰਦੇ, ਤੇਰੇ ਸਾਰੇ ਪਾਪ ਖਤਮ, ਹੁਣ ਤੂੰ ਕਲਮਾ ਪੜ੍ਹ ਲਿਆ। ਹੁਣ ਮੁਹੰਮਦ ਸਾਹਿਬ ਰੱਬ ਕੋਲ ਖੜ੍ਹੇ ਹੋਣਗੇ ਤੇ ਤੈਨੂੰ ਦੋਜ਼ਕ ਵਿਚ ਉਹਨਾਂ ਨੇ ਨਹੀਂ ਜਾਣ ਦੇਣਾ।

ਇਸ ਤਰ੍ਹਾਂ ਮਹਾਰਾਜ ਦੇ ਸਾਮ੍ਹਣੇ ਕਾਲੇ ਭਰੋਸੇ ਸੀਗੇ, ਹਨ੍ਹੇਰੇ ਦੇ। ਉਹਨਾਂ ਨੂੰ ਇਕੱਲਾ-ਇਕੱਲਾ ਜਾ ਕੇ ਖੰਡਨ ਕਰਨਾ ਪਿਆ।

ਪੰਡਤ ਕਹਿਣ ਲੱਗਿਆ, ਨਾਨਕ ਜੀ! ਤੁਸੀਂ ਜਨੇਊ ਪਾਉਣਾ ਨਹੀਂ?

ਕਹਿੰਦੇ, ਪਾਉਣਾ ਹੈ। ਪਰ ਤੂੰ ਜਨੇਊ ਦੇ-ਦੇ, ਇਹ ਝੂਠਾ ਜਨੇਊ ਨਹੀਂ ਮੈਂ ਪਾਉਣਾ। ਜਦੋਂ ਸਰੀਰ ਛੱਡ ਦੇਈਦੈ ਪੰਡਤ ਜੀ! ਉਦੋਂ ਜਨੇਊ ਨਾਲ ਜਾਂਦਾ ਹੈ ਕਿ ਇਥੇ ਹੀ ਰਹਿ ਜਾਂਦੈ?

ਕਹਿੰਦਾ, ਜਲ ਜਾਂਦੈ।

ਕਹਿੰਦੇ, ਜਦੋਂ ਟੁੱਟ ਜਾਂਦਾ ਹੈ ਇਹ ਫੇਰ?

ਕਹਿੰਦਾ, ਫੇਰ ਆਪੇ ਹੀ ਵਟ ਕੇ ਹੋਰ ਪਾ ਲਈਦੈ।

ਮਹਾਰਾਜ ਕਹਿੰਦੇ, ਫੇਰ ਇਹਦਾ ਫਾਇਦਾ ਕੀ ਹੋਇਆ? ਜਿਹੜਾ ਟੁੱਟ ਜਾਵੇ ਤੇ ਜਲ ਜਾਵੇ। ਉਹ ਕਾਹਦਾ ਜਨੇਊ ਹੋਇਆ? ਜਦੋਂ ਲਹਿ ਗਿਆ, ਫੇਰ ਪਾਪੀ ਬਣ ਜਾਵਾਂਗੇ ਅਸੀਂ। ਫੇਰ ਪਾਪ ਲਗ ਜਾਣਗੇ, ਫੇਰ ਮੈਲ ਲਗ ਜਾਏਗੀ। ਅਸਲੀ ਜਨੇਊ ਦੇ, ਜੇ ਤੇਰੇ ਕੋਲ ਹੈਗਾ।

ਉਹ ਕਹਿੰਦਾ, ਕਿਹੋ ਜਿਹਾ ਨਾਨਕ ਜੀ, ਕਿਹੜੇ ਰੰਗ ਦਾ ਜਨੇਊ ਚਾਹੁੰਦੇ ਹੋ? ਕਿਹੜੇ ਧਾਗੇ ਦਾ ਚਾਹੁੰਦੇ ਹੋਂ, ਕੱਚੇ ਦਾ, ਪੱਕੇ ਦਾ?

ਮਹਾਰਾਜ ਕਹਿੰਦੇ, ਜੇ ਜਨੇਊ ਦੇਣਾ ਹੈ ਤਾਂ ਸੁਣ ਲੈ ਤੂੰ। ਪੜ੍ਹੋ ਪਿਆਰ ਨਾਲ –

ਧਾਰਨਾ – ਦੇ-ਦੇ ਪੰਡਤਾਂ ਮੈਨੂੰ ਸੱਚ ਦਾ ਜਨੇਊ।
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਅੰਗ- ੪੭੧

ਪੰਡਤ ਜੀ! ਮੈਂ ਜਨੇਊ ਨੂੰ ਨਿੰਦਦਾ ਨਹੀਂ, ਮਾੜਾ ਨਹੀਂ ਕਹਿੰਦਾ। ਪਾਉਣ ਵਾਸਤੇ ਤਿਆਰ ਹਾਂ।

ਕਹਿਣ ਲੱਗੇ, ਨਾਨਕ ਜੀ! ਉਹ ਜਨੇਊ ਕਿਹੜਾ ਹੈ ਜਿਹੜਾ ਤੁਸੀਂ ਪਾਉਣ ਵਾਸਤੇ ਤਿਆਰ ਹੋਂ?

ਮਹਾਰਾਜ ਕਹਿੰਦੇ, ਦਇਆ ਦੀ ਤਾਂ ਬਣਾ ਲੈ ਕਪਾਹ, ਆਹ ਧਾਗਾ ਨਹੀਂ ਮੈਨੂੰ ਚਾਹੀਦਾ। ਦਇਆ ਦੀ ਕਪਾਹ, ਸੰਤੋਖ ਦਾ ਸੂਤ ਹੋਵੇ, ਜਤੁ ਦੀਆਂ ਗੰਢਾਂ ਦੇ ਦੇਵੇ ਤੇ ਸਤਿ ਦਾ ਵੱਟ ਦੇ। ਚਾਰ ਕੁ ਚੀਜ਼ਾਂ ਦਸੀਆਂ ਨੇ ਮਹਾਰਾਜ ਨੇ। ਕਹਿੰਦੇ, ਇਹ ਜਨੇਊ ਜੀਵ ਨੂੰ ਪਏਗਾ। ਜਿਹੜਾ ਇਹਦੇ ਵਿਚ ਰਹਿੰਦੈ ਕਿਉਂਕਿ ਉਹਨੇ ਦਰਗਾਹ ਵਿਚ ਜਾਣਾ ਹੈ। ਆਹ ਸਰੀਰ ਨੇ ਤਾਂ ਜਾਣਾ ਨਹੀਂ ਇਹਦੇ ਉਤੇ ਜਿੰਨਾਂ ਜੀਅ ਕਰਦਾ ਹੈ, ਲਾ-ਲਾ ਚੱਕਰ, ਕਿਹੋ ਜਿਹਾ ਹੀ ਭੇਖ ਧਾਰ ਲੈ। ਕਿਹੋ ਜਿਹਾ ਹੀ ਬਣਾ ਲੈ ਆਪਣੇ ਆਪ ਨੂੰ। ਚਾਹੇ ਕਾਲੇ ਸਾਫੇ ਬੰਨ੍ਹ ਲੈ, ਚਾਹੇ ਚਿੱਟੇ ਬੰਨ੍ਹ ਲੈ। ਇਹ ਤਾਂ ਇਥੇ ਹੀ ਰਹਿ ਜਾਣੇ ਨੇ ਅਗਾਂਹਾਂ ਨਹੀਂ ਜਾਣੇ। ਇਥੇ ਦਾ ਹੀ ਹੈ ਦੇਖ ਦਿਖਾਵਾ। ਭੇਖ ਹੈ ਇਹ ਤਾਂ। ਭੇਖ ਨਹੀਂ, ਦਰਗਾਹ ਦੇ ਅੰਦਰ ਕਿਸੇ ਨੇ ਪੁੱਛਣਾ। ਉਥੇ ਤਾਂ ਕਰਨੀ ਜਾਣੀ ਹੈ, ਕਿਰਦਾਰ ਜਾਣੈ ਕਿ ਸੰਸਾਰ ਵਿਚ ਕਿਵੇਂ ਰਿਹਾ ਸੀ ਤੂੰ।

ਕਹਿੰਦੇ, ਹੈਗਾ ਤੇਰੇ ਕੋਲ ਇਹ? ***'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥'*** ਲਿਆ ਫੇਰ ਮੈਂ ਪਾਵਾਂ। ਕਹਿੰਦੇ, ਇਹ ਨਹੀਂ ਟੁੱਟਣਾ - ***'ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥'*** ਨਾ ਇਹਨੇ ਜਲਣਾ ਹੈ। ਨਾ ਇਹ ਅੰਦਰਲੇ ਸੂਖਸ਼ਮ ਸਰੀਰ ਤੋਂ ਲਹਿਣਾ ਹੈ। ***'ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ '*** ਜਿਹੜੇ ਇਹੋ ਜਿਹਾ ਜਨੇਊ ਪਾਉਂਦੇ ਨੇ, ਪਾਧਾ ਜੀ! ਉਹ ਧੰਨ ਨੇ। ਉਹਨਾਂ ਦੇ ਤਾਂ ਚਰਨਾਂ ਦੀ ਧੂੜ ਅਸੀਂ ਮੰਗਦੇ ਹਾਂ। ਆਹ ਤੁਸੀਂ ਕੀ ਪਾਖੰਡ ਬਣਾਇਆ ਹੈ -

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥

ਅੰਗ- ੪੭੧

ਧਾਗੇ ਜਾ ਕੇ ਬਜ਼ਾਰ 'ਚੋਂ ਮੁੱਲ ਲੈ ਆਏ। ਇਥੇ ਆ ਕੇ ਵੱਟ ਦੇ ਲਿਆ ਤੇ ਇਥੇ ਆ ਕੇ ਚੌਂਕੀ 'ਤੇ ਬਿਠਾ ਕੇ ਪਾ ਦਿਤਾ -

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥

ਅੰਗ - ੪੭੧

ਕੰਨ ਦੇ ਵਿਚ ਅਵਾਜ਼ ਦੇ ਦਿਤੀ - 'ਯਗੋਪਵੀਤ ਪਰਮ ਪਵਿਤੰ'। ਕੰਨ ਖਾ ਲਿਆ, ਕਰ-ਕਰ ਕੇ ਤੇ ਤੂੰ ਮੇਰਾ ਗੁਰੂ ਬਣ ਕੇ ਬਹਿ ਗਿਆ। ਅੰਨ੍ਹਾ ਤੂੰ ਗੁਰੂ ਹੈਂ, ਤੈਨੂੰ ਤਾਂ ਆਪਣੇ ਆਪ ਦਾ ਹੀ ਨਹੀਂ ਪਤਾ, ਗੁਰੂ ਤਾਂ ਉਹ ਹੁੰਦੈ, ਜਿਹਨੇ ਮੰਤਰ ਕੰਨ ਵਿਚ ਦਿਤਾ ਤੇ ਫੇਰ ਲਿਵ ਮੁੜ ਕੇ ਨਾ ਟੁੱਟੇ।

ਪਟਿਆਲੇ ਦੀਵਾਨ ਲੱਗੇ ਹੋਏ ਸੀ ਸਿਗਲੀਗਰਾਂ ਦੇ ਮੁਹੱਲੇ। ਅੰਗਰੇਜ਼ ਆ ਗਿਆ। ਉਸ ਵੇਲੇ ਪੰਜ ਸਿੰਘਾਂ ਨੂੰ ਇਕੱਠੇ ਹੋਣ ਦਾ ਹੁਕਮ ਨਹੀਂ ਸੀ। ਅੰਮ੍ਰਿਤ ਨਹੀਂ ਸੀ ਛਕਾ ਸਕਦੇ। ਬੜੀ ਭਾਰੀ ਸਮੱਸਿਆ ਸਾਮ੍ਹਣੇ ਆਈ। ਟੋਏ ਪੁੱਟ ਕੇ, ਉਤੇ ਛੱਤ ਪਾ ਕੇ ਅੰਮ੍ਰਿਤ ਤਿਆਰ ਕਰ ਲੈਣਾ। ਉਸ ਵੇਲੇ ਨਾਮਧਾਰੀ ਜਿਹਨਾਂ ਨੂੰ ਅਸੀਂ ਕਹਿੰਦੇ ਹਾਂ, ਇਹੀ ਸਿੰਘ ਸੀਗੇ ਅਸਲੀ। ਬਾਕੀ ਤਾਂ ਸਭ ਜਵਾਬ ਦੇ ਗਏ ਸੀ। ਭੋਰਾ ਪੁੱਟ ਕੇ, ਅੰਦਰ ਅੰਮ੍ਰਿਤ ਤਿਆਰ ਕਰਕੇ। ਬਾਲਟੀਆਂ 'ਚ ਪਾ ਲੈਣਾ, ਜਿਨ੍ਹਾਂ ਸਿੰਘਾਂ ਨੇ ਛੱਕਣੈ, ਕਿਸੇ ਨੂੰ 50 ਗਜ਼ ਓਧਰ ਛਕਾ ਰਹੇ ਨੇ, ਕਿਸੇ ਨੂੰ ਵੱਟ ਦੇ ਉਹਲੇ ਛਕਾ ਰਹੇ ਨੇ। ਕਿਉਂਕਿ ਛਕਾਉਣ ਨਹੀਂ ਸੀ ਦਿੰਦਾ, ਅੰਗਰੇਜ਼, ਫੜ ਲੈਂਦਾ ਸੀ। ਉਸ ਸਮੇਂ 'ਨਾਮ' ਦੇਣ ਦਾ ਹੋ ਗਿਆ ਕਿ ਨਾਮ ਕਿਵੇਂ ਦਿਤਾ ਜਾਵੇ? ਸੋ ਉਥੇ ਦੀਵਾਨ ਲੱਗੇ ਹੋਏ ਸੀ ਪਟਿਆਲੇ ਜਿਥੇ ਸਿਗਲੀਗਰ ਰਹਿੰਦੇ ਨੇ। ਦੀਵਾਨ ਲੱਗਣ ਤੋਂ ਬਾਅਦ ਨਿਹੰਗ ਸਿੰਘ ਸੀਗੇ, ਚਿੱਟੇ ਕੱਪੜਿਆਂ ਵਾਲੇ, ਨਾਮਧਾਰੀ ਬਾਬਾ ਰਾਮ ਸਿੰਘ ਜੀ ਦੇ ਸੇਵਕ। ਉਹਨਾਂ ਨੇ ਕਿਹਾ ਕਿ ਉੱਠੋ ਜਿਨ੍ਹਾਂ ਨੇ ਨਾਮ ਲੈਣੈ। ਮਹਾਰਾਜ ਪਟਿਆਲੇ ਕੋਲ ਚਿੱਠੀ ਆਈ ਹੋਈ ਸੀ ਕਿ ਇਹ ਕੁਛ ਕੰਨ 'ਚ ਦਸਦੇ ਨੇ। ਪਤਾ ਨਹੀਂ ਲਗਦਾ। ਤੁਹਾਡਾ ਕੋਈ ਇਤਬਾਰੀ ਬੰਦਾ ਹੋਵੇ, ਪਤਾ ਕਰਕੇ ਦੱਸੋ।

ਮਹਿੰਦਰ ਸਿੰਘ ਚੋਬਦਾਰ ਸੀ ਮਹਾਰਾਜੇ ਦਾ। ਉਹਨੂੰ ਕਹਿੰਦੇ, ਮਹਿੰਦਰ ਸਿੰਘ ਤੂੰ ਜਾਹ, ਜਿਹੜਾ ਕੁਛ ਕੰਨ 'ਚ ਦੱਸਣਗੇ ਉਹ ਤੂੰ ਮੈਨੂੰ ਦਸ ਦੇਈਂ ਆ ਕੇ। ਮੈਂ ਗੋਰਮਿੰਟ ਨੂੰ ਰਿਪੋਰਟ ਦੇਣੀ ਹੈ।

ਸੁਣਨ ਵਾਸਤੇ ਚਲਿਆ ਗਿਆ। ਉਹ ਵੀ ਖੜ੍ਹਾ ਹੋ ਗਿਆ। ਜਿਸ ਵਕਤ ਕੰਨ 'ਚ ਪੰਜ ਵਾਰੀ ਕਿਹਾ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ; ਉਹ ਖੜ੍ਹਾ-ਖੜ੍ਹਾ ਬਹਿ ਗਿਆ। ਜਿਹਦੇ ਕਹਿੰਦੇ ਜਾਣ, ਉਹ ਬੈਠਦਾ ਜਾਵੇ। ਸਾਰੀ ਰਾਤ ਲੰਘ ਗਈ, ਅਗਲਾ ਦਿਨ ਲੰਘ ਗਿਆ। ਮਹਾਰਾਜਾ ਭੁਪਿੰਦਰ ਸਿੰਘ ਨੇ ਕਿਹਾ ਕਿ ਉਹ ਤਾਂ ਆਇਆ

ਹੀ ਨਹੀਂ। ਜਾਓ ਜਾ ਕੇ ਪਤਾ ਕਰੋ। ਉਥੇ ਆ ਕੇ ਕੀ ਦੇਖਦੇ ਨੇ ਲਾਈਨ ਦੇ ਵਿਚ ਉਹ ਵੀ ਬੈਠਾ ਹੈ। ਚੌਂਕੜਾ ਮਾਰਿਆ ਹੋਇਐ, ਸਮਾਧੀ ਲੱਗੀ ਹੋਈ ਹੈ। ਮੋਢਾ ਹਿਲਾਉਣ ਲਗ ਗਏ, ਮਹਿੰਦਰ ਸਿੰਘ! ਮਹਿੰਦਰ ਸਿੰਘ! ਤੈਨੂੰ ਮਹਾਰਾਜ ਬੁਲਾਉਂਦੈ।

ਜਦੋਂ ਕਾਫੀ ਹਲੂਣੇ ਦਿਤੇ ਉਹਨੇ ਨੇਤਰ ਖੋਲ੍ਹ ਲਏ। ਕਹਿੰਦਾ, ਕਿਹੜਾ ਮਹਾਰਾਜਾ? ਉਹ ਕਹਿੰਦੇ, ਤੂੰ ਮਹਾਰਾਜੇ ਨੂੰ ਹੀ ਭੁੱਲ ਗਿਆ?

ਆਪਣੇ ਮਹਾਰਾਜੇ ਪਟਿਆਲਾ ਸਟੇਟ ਵਾਲੇ। ਉਹ ਕਹਿੰਦਾ, ਜਾਹ ਇਹੋ ਜਿਹੇ ਹਜ਼ਾਰਾਂ ਹੀ ਮੈਂ ਦਰਗਾਹ 'ਚ ਠੁੱਡੇ ਖਾਂਦੇ ਦੇਖੇ ਨੇ। ਮੈਨੂੰ ਨਹੀਂ ਹੁਣ ਕਿਸੇ ਮਹਾਰਾਜੇ ਦੀ ਲੋੜ। ਵੱਡਾ ਮਹਾਰਾਜਾ ਮਿਲ ਗਿਆ ਮੈਨੂੰ ਹੁਣ। ਜਵਾਬ ਮਿਲ ਗਿਆ।

ਹੀਰਾ ਸਿੰਘ ਨੂੰ ਭੇਜਿਆ, ਜਿਹੜਾ ਬਸਤਰੀ ਸੀ; ਬਸਤਰ ਬਣਾਉਂਦਾ ਹੁੰਦਾ। ਉਹ ਕਹਿੰਦਾ, ਮੈਂ ਚਾਰੋਂ ਐਬ ਸ਼ਰਣੀ ਹਾਂ ਮੈਨੂੰ ਭੇਜੋ।

ਉਹ ਆ ਗਿਆ। ਜਦੋਂ ਉਹਦੇ ਕੰਨ 'ਚ ਵਾਹਿਗੁਰੂ ਮੰਤਰ ਹੋਇਆ। ਉਹ ਵੀ ਬਹਿ ਗਿਆ। 48 ਘੰਟੇ ਉਹ ਨਾ ਉੱਠਿਆ। ਉਹਨੇ ਵੀ ਐਸਾ ਹੀ ਜਵਾਬ ਦਿਤਾ ਕਿ ਇਹੋ ਜਿਹੇ ਵੱਡੇ-ਵੱਡੇ ਅਨੇਕਾਂ ਰਾਜੇ ਉਥੇ ਕੀੜੇ-ਮਕੌੜੇ ਬਣੇ ਫਿਰਦੇ ਨੇ।

ਹੁਕਮ ਹੋ ਗਿਆ ਕਿ ਇਹਨੂੰ 24 ਘੰਟਿਆਂ ਦੇ ਅੰਦਰ ਪਟਿਆਲੇ ਸਟੇਟ 'ਚੋਂ ਬਾਹਰ ਕੱਢ ਦਿਓ। ਜੇ ਕਿਤੇ ਇਹ ਫੌਜ ਵਿਚ ਚਲਿਆ ਗਿਆ, ਇਹ ਤਾਂ ਮਸਤਾਨੀ ਬਣਾ ਦਏਗਾ ਸਾਰੀ ਫੌਜ ਨੂੰ।

ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, ਪੰਡਤ ਜੀ! ਤੂੰ ਗੁਰੂ ਐਵੇਂ ਹੀ ਬਣੀ ਜਾਂਦਾ ਹੈਂ। ਗੁਰੂ ਕੋਲ ਨਾਮ ਹੁੰਦੈ, ਨਾਮ ਰੋਮ-ਰੋਮ 'ਚ ਰਚ ਜਾਂਦਾ ਹੈ। ਜਦੋਂ ਨਾਮ ਦਿੰਦੇ ਨੇ।

ਬਾਪੂ ਜੀ ਲੁਧਿਆਣੇ ਅੰਮ੍ਰਿਤ ਛਕਾ ਰਹੇ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੀਗੇ। ਜਦੋਂ ਅੰਮ੍ਰਿਤ ਛਕਾਇਆ, ਫਲ੍ਹੇਵਾਲ ਦਾ ਮੁੰਡਾ ਸੀ ਦਸਵੀਂ ਜਮਾਤ ਦਾ। ਉਹਦੇ ਪੰਜ ਚੁਲੇ ਕੇਸਾਂ 'ਚ ਪਾ ਦਿਤੇ, ਪੰਜ ਉਹਨੂੰ ਪਿਲਾ ਦਿਤੇ ਅਤੇ ਚਾਰ ਚੁਲੇ ਨੇਤਰਾਂ 'ਚ ਪਾ ਕੇ, ਬਾਪੂ ਜੀ ਨੇ ਅੱਖਾਂ ਸਿੱਧੀਆਂ ਕਰ ਲਈਆਂ ਉਹਦੇ ਵਲ ਨੂੰ, ਜਦੋਂ ਅੱਖਾਂ ਦੇ ਨਾਲ ਅੱਖਾਂ ਰਲਾ ਕੇ ਉਹਨਾਂ ਨੇ ਕਿਹਾ, ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਨਾਲ ਛਿੱਟਾ ਮਾਰਿਆ। ਉਸ ਬੱਚੇ ਨੇ ਅੱਧਾ ਤਾਂ ਕਹਿ ਦਿਤਾ ਕਿ 'ਵਾਹਿਗੁਰੂ ਜੀ ਕਾ ਖਾਲਸਾ...। ਅਗਾਂਹਾਂ ਕੁਛ ਨਾ ਕਹਿ ਹੋਇਆ।

ਭਾਈ ਸਾਹਿਬ ਕਹਿਣ ਲੱਗੇ, ਇਹ ਕੀ ਹੋ ਗਿਆ? ਬਾਪੂ ਜੀ ਕਹਿਣ ਲੱਗੇ, ਇਹ ਤਾਂ ਹੁਣ ਉਤੇ ਚੜ੍ਹ ਗਿਆ ਚੁਬਾਰੇ। ਕਹਿੰਦੇ, ਹੁਣ ਤਾਂ 56 ਘੰਟੇ ਨਹੀਂ ਇਹਨੂੰ ਹੋਸ਼ ਆਉਣੀ। ਕਹਿੰਦੇ, ਸਾਡੇ ਤੋਂ ਥੋੜ੍ਹਾ ਜ਼ੋਰ ਜ਼ਿਆਦਾ ਲਗ ਗਿਆ। ਪੰਜਾਂ ਪਿਆਰਿਆਂ ਨੇ ਉਥੇ ਹੀ ਸਲਾਹ ਕਰੀ, ਭਾਈ! ਥੋੜ੍ਹਾ-ਥੋੜ੍ਹਾ ਬਲ ਦਿਓ। ਪੂਰੇ ਬਲ ਦੇ ਨਾਲ ਅੰਮ੍ਰਿਤ ਨਾ ਛਕਾਓ। ਇਹਨਾਂ ਤੋਂ ਸਹਿ ਨਹੀਂ ਹੁੰਦਾ।

ਸੋ ਅੰਮ੍ਰਿਤ ਛਕਾ ਦਿਤਾ ਸਾਰੀ ਕਲਾਸ ਨੂੰ। ਉਸ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਹੋ ਗਏ। 48 ਘੰਟੇ ਬਾਅਦ ਭੋਗ ਪੈਂਦੈ ਤੇ ਕੀਰਤਨ ਹੋਣਾ ਸ਼ੁਰੂ ਹੋ ਗਿਆ। ਜਦੋਂ ਪੂਰੇ 56 ਘੰਟੇ ਹੋਏ, ਬੱਚਾ ਹਿੱਲਿਆ, ਹਿੱਲ ਕੇ ਧਰਤੀ ਤੋਂ ਉੱਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ ਸੰਗਤ ਦੇ ਉਤੇ ਦੀ ਮੱਛੀ ਵਾਂਗੂੰ ਤੈਰਦਾ ਫਿਰਦੈ। ਸਾਰੀ ਸੰਗਤ ਦੇਖਦੀ ਹੈ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਦੇ ਉਤੋਂ ਦੀ ਹੋ ਕੇ ਵਾਜੇ, ਤਬਲਿਆਂ ਤੋਂ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾ ਕੇ ਲੰਮਾ ਪੈ ਗਿਆ। ਉਸੇ ਵੇਲੇ ਬਾਪੂ ਜੀ ਉਠ ਕੇ ਆਏ। ਕਹਿਣ ਲੱਗੇ, ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ ਹੁਣ ਤੁਸੀਂ, ਇਹਦੀ ਰੂਹ ਅਕਾਲ ਪੁਰਖ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ।

ਭਾਈ ਸਾਹਿਬ ਨੇ ਲਿਖਿਆ ਕਿ ਅਸੀਂ ਫੇਰ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਜਦੋਂ 56 ਘੰਟੇ ਹੋ ਗਏ ਫੇਰ ਉਠਿਆ ਉਹ। ਉਠ ਕੇ ਪੈਰ ਨਾ ਲੱਗੇ ਧਰਤੀ 'ਤੇ। ਕ੍ਰਿਪਾਨ ਪੁਆ ਦਿਤੀ। ਫੇਰ ਤਾਂ ਸਹੀ ਹੀ ਹੋ ਗਿਆ, ਜਿਹੜਾ ਮੰਤਰ ਦਿਤਾ।

ਮਹਾਰਾਜ ਕਹਿੰਦੇ, ਪੰਡਤ ਜੀ – 'ਕੰਨੀ ਬਾਟੀ ਕੁਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ।' ਕਹਿੰਦੇ, ਆਹ ਮੰਤਰ ਨਹੀਂ ਸਾਨੂੰ ਚਾਹੀਦਾ।

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥

ਅੰਗ - ੪੭੧

ਕਹਿੰਦੇ ਤੇਰਾ ਜਨੇਊ ਤਾਂ ਇਥੇ ਹੀ ਝੜ ਗਿਆ ਤੇ ਪਾਉਣ ਵਾਲਾ ਮਰ ਗਿਆ। ਹੁਣ ਅਗਾਹਾਂ ਕੀ ਕਹਿੰਦੇ, 'ਵੇਤਗਾ ਗਇਆ।' ਅੱਗੇ ਤਾਂ ਵੇਤਗਾ ਗਿਆ, ਜਨੇਊ ਤਾਂ ਨਾਲ ਗਿਆ ਹੀ ਨਾ। ਕੱਚਾ ਜਨੇਊ ਧਾਰ ਕੇ ਦਰਗਾਹ 'ਚ ਨਹੀਂ ਜਾਂਦਾ। ਵੇਤਗਾ ਜਾਂਦਾ ਹੈ। ਫੇਰ ਦਸ ਉਥੇ ਕੀ ਹੋਏਗਾ? ਹੈਰਾਨ ਹੋ ਗਿਆ

ਪੰਡਤ। ਕਹਿਣ ਲੱਗਿਆ, ਨਾਨਕ ਜੀ! ਆਹ ਗੱਲ ਅਸੀਂ ਨਹੀਂ ਅੱਜ ਤਕ ਸੋਚੀ। ਮਹਾਰਾਜ ਕਹਿੰਦੇ, ਦੇਖ, ਇਸ ਬੰਦੇ ਦੇ ਅੰਦਰ ਕਿੰਨੇ ਸੁਭਾਅ ਮਾੜੇ ਨੇ –

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥
ਅੰਗ- ੪੭੧

ਇਹਨਾਂ ਦੇ ਉਤੇ ਵੀ ਕੋਈ ਬੰਦਸ਼ ਪਾਈ ਹੈ ਕਿ ਬੰਦਾ ਓਹੋ ਜਿਹਾ ਹੀ ਰਹੇਗਾ ਜਿਹੋ ਜਿਹਾ ਪਹਿਲਾਂ ਸੀ। ਜਨੇਊ ਤਾਂ, ਤਾਂ ਮੰਨੀਏ ਜੇ ਠੱਗੀ ਨਾ ਮਾਰੇ, ਧੋਖਾ ਨਾ ਦੇਵੇ, ਕੂੜ ਨਾ ਬੋਲੇ, ਗਾਲ੍ਹ ਨਾ ਕੱਢੇ –

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥
ਅੰਗ – ੧੩੭੪

ਤਿੰਨੋਂ ਤਾਪਾਂ ਦਾ ਨਾਸ਼ ਹੋ ਜਾਵੇ, ਮੋਹ ਮਿਟ ਜਾਵੇ। ਇਹ ਤਾਂ ਤੁਸੀਂ ਮਖੌਲ ਕਰਿਐ –

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਅੰਗ- ੪੭੧

ਸਾਰੇ ਕਹਿੰਦੇ, ਪਾ ਲਿਆ ਜੀ ਪਾ ਲਿਆ। ਜਨੇਊ ਪਾ ਲਿਆ ਜੀ, ਹੁਣ ਖਾਓ ਬੱਕਰੇ –

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ ॥ ਅੰਗ – ੪੭੧

ਜੇ ਇਹਦੇ ਵਿਚ ਜ਼ੋਰ ਹੋਵੇ, ਕੋਈ ਸੱਤਿਆ ਹੋਵੇ ਫੇਰ ਟੁੱਟੇ ਹੀ ਕਿਉਂ ਇਹ? ਕਹਿੰਦੇ, ਅਸਲ ਗੱਲ ਸਮਝੋ ਤੁਸੀਂ –

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਅੰਗ- ੪੭੧

ਪ੍ਰਮੇਸ਼ਰ ਦੇ ਨਾਮ ਵਿਚ ਵਿਸ਼ਵਾਸ਼ ਲਿਆਓ ਜਿਹੜਾ ਸਾਰੇ ਪਰੀਪੂਰਨ ਹੈ। ਹਰੇਕ ਦੇ ਅੰਦਰ ਹੈ–

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ – ੨੮੪

ਉਹਦੇ ਉਤੇ ਲਿਆਓ ਵਿਸ਼ਵਾਸ਼ –

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥
ਅੰਗ- ੪੭੧

ਜੇ ਇਹ ਤਗੁ ਪਾ ਲਈਏ ਤਾਂ ਦਰਗਾਹ ਵਿਚ ਟੁੱਟਦਾ ਨਹੀਂ ਹੈ। ਤੇਰਾ ਜਿਹੜਾ ਜਨੇਊ ਹੈ ਇਹ ਅਧੂਰਾ ਹੈ, ਤੂੰ ਜਿਹੜਾ ਭੇਖ ਮੈਨੂੰ ਕਰਾਇਆ ਹੈ ਉਹ ਅਧੂਰਾ ਹੈ, ਕਿਉਂਕਿ ਤੂੰ ਬੰਦਸ਼ਾਂ ਨਹੀਂ ਲਾਈਆਂ–

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਅੰਗ- ੪੭੧

ਨਾ ਨਾਰੀਆਂ ਦੇ ਉਤੇ ਕੋਈ ਤਗੁ ਹੈ। ਨਾ ਇੰਦਰੀ ਦੇ ਉਤੇ ਕੋਈ ਤਗੁ ਹੈ –

ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਅੰਗ – ੪੭੧

ਪੈਰ ਉਵੇਂ ਹੀ ਮਾੜੇ ਕੰਮਾਂ ਨੂੰ ਜਾਂਦੇ ਨੇ। ਹੱਥ ਉਸੇ ਤਰ੍ਹਾਂ ਗਲਤ ਕੰਮ ਕਰਦੇ ਨੇ।

ਤਗੁ ਨ ਜਿਹਵਾ ਤਗੁ ਨ ਅਖੀ ॥ ਅੰਗ – ੪੭੧

ਜਿਹਭਾ ਉਵੇਂ ਜਿਵੇਂ ਫਿੱਕਾ ਬੋਲਦੀ ਹੈ। ਅੱਖਾਂ ਉਵੇਂ ਜਿਵੇਂ ਬੇਗਾਨੇ ਰੂਪ ਤਕਦੀਆਂ ਨੇ। ਜਿਹਭਾ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਈਰਖਾ ਦੀਆਂ ਗੱਲਾਂ ਕਰਦੀ ਹੈ, ਧੋਖੇ ਦੀਆਂ ਗੱਲਾਂ ਕਰਦੀ ਹੈ। ਫਿੱਕਾ ਬੋਲਦੀ ਹੈ। ਪੰਡਤ ਜੀ! ਫੇਰ ਦੱਸੋ ਧਾਗਾ ਪਾ ਕੇ ਕੁਛ ਵਧ ਗਿਆ? –

ਵੇਤਗਾ ਆਪੇ ਵਤੈ ॥
ਵਟਿ ਧਾਗੇ ਅਵਰਾ ਘਤੈ ॥ ਅੰਗ- ੪੭੧

ਤੂੰ ਤਾਂ ਆਪ ਹੀ ਵੇਤਗਾ ਹੈਂ, ਤੇਰੇ ਤਾਂ ਤਗੁ ਹੀ ਨਹੀਂ ਹੈ। ਗਲ 'ਚ ਪਾਇਆ ਹੋਇਐ ਧਾਗਾ। ਕਹਿੰਦੇ, ਅੰਦਰ ਤਾਂ ਨਹੀਂ ਪਾਇਆ। ਧਾਗੇ ਵੱਟੀ ਜਾਨੈ, ਗਲ 'ਚ ਪਾਈ ਜਾਨੈ –

ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥ ਅੰਗ – ੪੭੧

ਕਹਿੰਦੇ, ਪੁਰੋਹਤ ਜੀ! ਫੇਰੇ ਦੇਣੇ ਨੇ ਬੀਬੀ ਦੇ। ਦੇਖ ਭਾਈ, ਐਨੀ ਕਪਾਹ ਲੈ ਆਈਂ, ਐਨਾ ਦਾਣਾ ਲੈ ਆਈਂ। ਚਾਰ ਪਾਵੇ ਨੇ, ਪੰਜ-ਪੰਜ ਸੇਰ ਕਪਾਹ ਬੰਨ੍ਹ ਦੇਈਂ ਚਾਰਾਂ ਦੇ ਨਾਲ। ਉਹ ਕਹਿੰਦਾ, ਪਤਾ ਨਹੀਂ। ਉਹ ਕਹਿੰਦਾ, ਕਪਾਹ ਨਾ ਲਿਆਈਂ, ਕਪਾਹ ਦੀਆਂ ਪੂਣੀਆਂ ਬਣਾ ਕੇ ਲਿਆਈਂ। ਚਾਹੇ ਉਹ ਇਸ ਤੋਂ ਵੀ ਅਗਾਂਹਾਂ ਕਹਿ ਦੇਵੇ ਕਿ ਸੂਤ ਕਤਾ ਕੇ ਲਿਆਈਂ। ਪੰਜ-ਪੰਜ ਸੇਰ ਚਾਰੇ ਪਾਵਿਆਂ ਨਾਲ ਬੰਨ੍ਹ ਦੇਈਂ ਤੇ ਐਨੇ ਰੁਪਈਏ ਲਿਆਈਂ, ਐਨੇ ਦਾਣੇ ਲਿਆਈਂ।

ਕਹਿੰਦੇ, ਪੰਡਤ ਜੀ! ਇਹ ਤਾਂ ਤੂੰ ਦਾਨ ਕੁਥਾਂਹ ਲੈ ਲਿਆ। ਇਹ ਜਿਹੜਾ ਦਾਨ ਲਿਆ, ਇਹ ਧਾਨ ਖਾਧੇ ਤੇਰਾ ਤਾਂ ਜਨਮ ਹੀ ਬਰਬਾਦ ਹੋ ਗਿਆ –

ਸਾਈ ਪੁੜੀ ਜਜਮਾਨ ਕੀ
ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥
ਅੰਗ- ੪੩੫

ਸਾਡਾ ਜਨਮ ਨਹੀਂ ਬਰਬਾਦ ਜਾਂਦਾ? ਅਸੀਂ ਅਨੰਦ ਕਾਰਜਾਂ ਦੇ ਪੈਸੇ ਕਾਰਮ ਕਰਦੇ ਹਾਂ। ਕਹਿੰਦੇ,

ਜੀ ਉਹ ਤਾਂ ਬਾਮ੍ਹਣ ਨੂੰ ਕਿਹਾ ਸੀ ਗੁਰੂ ਸਾਹਿਬ ਨੇ ਸਾਨੂੰ ਤਾਂ ਕਿਹਾ ਹੀ ਨਹੀਂ। ਉਹ ਭਾਈ! ਮਹਾਂਪੁਰਖ ਜਿਹੜਾ ਕੁਛ ਬੋਲਦੇ ਨੇ, ਉਹ -

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ ॥ *ਅੰਗ- ੬੪੭*

ਉਹ ਸਾਂਝੀ ਸਗਲ ਜਹਾਨੈ ਬੋਲਦੇ ਨੇ। ਜਿਹਨਾਂ ਨੇ ਅੱਜ ਤੋਂ 500 ਸਾਲ ਨੂੰ ਆਉਣੈ, ਬਾਣੀ ਨੇ ਉਹਨਾਂ ਨੂੰ ਵੀ ਕੱਟਣੈ। ਸਾਨੂੰ ਵੀ ਕੱਟ ਰਹੀ ਹੈ।

ਇਥੇ ਮੈਂ ਇਕ ਥਾਂ ਗਿਆ ਕਾਕਰੋਂ ਪਿੰਡ, ਮੈਂ ਕਿਹਾ ਕੋਈ ਅਨੰਦ ਕਾਰਜ ਨੂੰ ਤਾਂ ਨਹੀਂ ਕਰਿਆ?

ਕਹਿੰਦੇ ਜੀ ਕਰ ਲਿਆ। ਕਹਿੰਦੇ, ਜੀ ਢਾਈ ਸੌ ਰੁਪਿਆ ਲੈਣਾ ਕਰਿਆ ਹੈ ਉਹਨਾਂ ਨੇ। ਮੈਂ ਕਿਹਾ, ਦਿਓ ਨਾ ਤੁਸੀਂ।

ਕਹਿੰਦੇ, ਜੀ ਹੁਣ ਤਾਂ ਕਰ ਲਿਆ। ਐਨੇ ਨੂੰ ਬਰਾਤ ਵਿਚ ਸਾਡੇ ਸਿੰਘ ਸੀਗੇ, ਇਹ ਚਲੇ ਗਏ ਸਾਰੇ। ਜਦੋਂ ਦੇਖਿਆ, ਭਾਈਆਂ ਦੀ ਪਾਰਟੀ ਆਈ ਨਾ, ਇਹ ਅਨੰਦ ਰੋਜ਼ ਹੀ ਕਰਾਉਂਦੇ ਨੇ, ਆਪੇ ਹੀ ਕਰਾ ਦਿਤੇ। ਜਦੋਂ ਕਰਾ ਦਿਤੇ, ਪ੍ਰਸ਼ਾਦੇ ਛਕ ਕੇ ਤੁਰਨ ਲੱਗੇ, ਉਹ ਵੀ ਆ ਗਏ। ਗੁਰਦੇਵ ਸਿੰਘ ਨੂੰ ਕਹਿਣ ਲੱਗੇ, ਕਰੋ ਜੀ ਛੇਤੀ ਤਿਆਰੀ, ਅਸੀਂ ਅਨੰਦ ਕਰਾਈਏ। ਉਹ ਕਹਿੰਦਾ, ਹੁਣ ਅਨੰਦ ਵੀ ਹੋ ਗਏ, ਪ੍ਰਸ਼ਾਦੇ ਵੀ ਛਕ ਲਏ। ਬਰਾਤ ਤਾਂ ਜਾ ਰਹੀ ਹੈ, ਤੁਸੀਂ ਸਮੇਂ ਨਾਲ ਕਿਉਂ ਨਹੀਂ ਆਏ?

ਕਹਿੰਦੇ, ਸਾਨੂੰ ਕੀ ਪਤਾ ਉਹ ਤਾਂ ਸ਼ਰਾਬਾਂ ਵਗੈਰਾ ਪੀਂਦੇ ਹੋਣੇ ਨੇ, ਦੁਪਹਿਰ ਤੋਂ ਬਾਅਦ ਹੀ ਅਨੰਦ ਕਾਰਜ ਹੁੰਦੇ ਨੇ। ਕਹਿੰਦਾ, ਚੰਗਾ-ਚੰਗਾ ਜੇ ਉਹਨਾਂ ਨੇ ਕਰਾ ਲਏ। ਕਹਿੰਦੇ, ਉਹ ਤਾਂ ਰਤਵਾੜਾ ਸਾਹਿਬ ਵਾਲਿਆਂ ਨੇ ਕਰਾ ਦਿਤੇ ਆਪੇ ਹੀ। ਕਹਿੰਦੇ, ਉਹਨਾਂ ਨੇ ਤਾਂ ਕਰਾ ਦਿਤੇ ਪਰ ਢਾਈ ਸੌ ਰੁਪਿਆ ਰਖ ਦੇ ਇਥੇ। ਸਾਨੂੰ ਸਾਈ 'ਤੇ ਨਹੀਂ ਤੂੰ ਬੁਲਾਇਆ?

ਭਾਈ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਪੰਡਤ ਨੂੰ ਕਹਿੰਦੇ ਨੇ ਕਿ ਤੇਰਾ ਜਨਮ ਗਿਆ। ਸਿੱਖਾ! ਤੇਰਾ ਵੀ ਜਨਮ ਗਿਆ। ਨਾ ਕਰ ਇਹੋ ਜਿਹੀਆਂ ਗੱਲਾਂ। ਲੜਕੀਆਂ ਦੇ ਅਨੰਦ ਕਰਾਉਣੇ ਹੋਣ। ਰਾਗੀਆਂ ਨੂੰ ਪੁੱਛੋ ਕਹਿੰਦੇ ਨੇ ਮੈਂ ਤਾਂ ਪੰਜ ਹਜ਼ਾਰ ਤੋਂ ਘੱਟ ਨਹੀਂ ਲੈਣਾ। ਪੰਜ ਹਜ਼ਾਰ ਇਕ ਘੰਟੇ ਦਾ ਲਊਂ। ਓਹੀ ਗੱਲ ਜਿਹਦੇ 'ਚੋਂ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੱਢਿਆ ਸੀ। ਮੁੜ ਕੇ ਉਥੇ ਹੀ ਫੇਰ ਫਸ ਗਏ। ਓਹੀ ਗੱਲਾਂ ਉਵੇਂ ਜਿਵੇਂ। ਮਹਾਰਾਜ ਕਹਿੰਦੇ - 'ਲੈ ਭਾੜਿ ਕਰੇ ਵੀਆਹੁ ॥ ' ਅੰਮ੍ਰਿਤ ਛਕਾਉਂਦੈਂ ਲੋਕਾਂ ਨੂੰ ਤੇ ਕਾਰਮ ਕੇ ਜਾਂਦੈ ਤੂੰ ਵਿਆਹ ਦੇ ਉਤੇ। 'ਕਢਿ ਕਾਗਲੁ ਦਸੇ ਰਾਹੁ ॥' ਫੇਰ ਤੂੰ ਰਾਹ ਦਸਦਾ ਹੈਂ ਕਿ ਅੱਜ ਨਾ ਜਾਈਂ ਕੱਲ੍ਹ ਨੂੰ ਜਾਈਂ, ਇਧਰ ਸਿੱਧ ਨਹੀਂ ਹੈਗੀ। ਕਹਿੰਦੇ, ਕਮਾਲ ਦੀ ਗੱਲ ਹੈ -

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥ *ਅੰਗ - ੪੭੧*

ਸੁਣੋ-ਸੁਣੋ ਕਹਿੰਦੇ ਅਚਰਜ ਦੀ ਗੱਲ ਦੱਸੀਏ। ਕਹਿੰਦੇ, ਮਨ ਦਾ ਅੰਧਾ ਹੈ ਲੇਕਿਨ ਨਾਉਂ ਕੀ ਰੱਖ ਲਿਆ, ਪੰਡਤ। ਸੁਜਾਣ ਬਣ ਗਿਆ, ਜਾਣਕਾਰ।

ਪੰਡਤ ਚੁੱਪ ਕਰ ਗਿਆ। ਹੁਣ ਉਹ ਕਹਿੰਦੇ ਨੇ ਜਨੇਊ ਪਾਓ। ਕਹਿੰਦਾ, ਮੈਂ ਨਹੀਂ ਪਾ ਸਕਦਾ, ਨਾਨਕ ਜੀ ਦੇ ਜਨੇਊ। ਮੇਰੇ ਤਾਂ ਆਪ ਹੀ ਨਹੀਂ ਪਿਆ ਹੋਇਆ ਜਨੇਊ, ਮੈਂ ਵੀ ਇਵੇਂ ਧਾਗੇ ਹੀ ਪਾਈਂ ਫਿਰਦਾਂ। ਸੋ ਸਾਧਸੰਗਤ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਤੇ ਵੀ ਲਿਹਾਜ਼ ਨਹੀਂ ਕਰੀ। ਹਰ ਥਾਂ ਦੇ ਉਤੇ ਸੱਚ ਦੀ ਬੋਲੀ ਬੋਲ ਕੇ, ਸਾਡਾ ਹਨ੍ਹੇਰਾ ਕੱਟਿਐ।

ਸੋ ਇਸ ਤਰ੍ਹਾਂ ਦੇ ਨਾਲ ਜਿੰਨਾਂ ਜੀਅ ਕਰਦਾ ਹੈ ਜਸ ਕਰੀ ਜਾਓ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ। ਇਹ ਤਾਂ ਮੁੱਕਦਾ ਹੀ ਨਹੀਂ, ਵਧਦਾ ਤੁਰਿਆ ਜਾਂਦਾ ਹੈ। ਜਿੰਨਾਂ ਗਿਆਨ ਵਧੇਗਾ ਓਨਾਂ ਹੀ ਵਧੇਗਾ।

ਸੋ ਅੱਜ ਦੇ ਦਿਨ ਆਪ ਦਾ ਪ੍ਰਕਾਸ਼ ਸੰਸਾਰ 'ਚ ਹੋਇਆ ਤੇ ਮੈਂ ਤਾਂ ਇੱਕੋ ਹੀ ਬੇਨਤੀ ਕਰਦਾ ਹਾਂ ਪਿਆਰਿਓ! ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਝੋ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਮਝੋ। ਜੇ ਸਿੱਖ 'ਮੂਲਮੰਤ੍ਰ' ਨੂੰ ਸਮਝ ਗਿਆ, ਉਹਨੇ ਸਭ ਕੁਛ ਖੱਟ ਲਿਆ। ਜੇ 'ਜਪੁਜੀ ਸਾਹਿਬ ਨੂੰ ਪੜ੍ਹ ਲਿਆ, ਉਸ ਤੋਂ ਵੱਡਾ ਵਿਦਵਾਨ ਦੁਨੀਆਂ 'ਚ ਕੋਈ ਨਹੀਂ। ਟੀਕੇ ਲਿਖਣ ਵਾਲੇ ਨਹੀਂ ਸਮਝਦੇ। ਇਹ ਤਾਂ ਬਹੁਤ ਵੱਡੀ ਬਾਣੀ ਹੈ। ਪ੍ਰਮੇਸ਼ਰ ਨਾਲ ਜੋੜ ਦਿੰਦੀ ਹੈ, ਪੜ੍ਹਦੇ-ਪੜ੍ਹਦੇ। ਪਰ ਸਾਨੂੰ ਤਾਂ ਪਤਾ ਹੀ ਨਹੀਂ ਲੱਗਿਆ, ਜਪੁਜੀ ਸਾਹਿਬ ਕੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਕਮਾਓ। ਸਮਝਣ ਦਾ ਯਤਨ ਕਰੋ। ਬਾਣੀ ਨੂੰ ਵਿਚਾਰੋ, ਸਤਿਸੰਗ ਵਿਚ ਆਓ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋ ਸਾਡੇ ਵਾਸਤੇ ਸੰਦੇਸ਼ ਹੈ, ਸੱਚ ਦਾ ਢੰਡੋਰਾ ਜੋ ਆਪ ਨੇ ਫੇਰਿਆ। ਉਹਨਾਂ ਨੇ ਕਿਹਾ, ਜੀਵਨ ਸੱਚ ਦਾ ਬਣਾਓ। ਜੀਵਨ ਵਿਚ ਕੋਈ ਭੇਖ ਨਾ ਧਾਰੋ -

ਲੋਕਾ ਵੇ ਹਉ ਸੁਹਵੀ ਸੁਹਾ ਵੇਸੁ ਕਰੀ ॥
ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥

ਅੰਗ- ੭੮੫

ਸ੍ਰੀ ਗੁਰੂ ਨਾਨਕ ਦੇਵ ਜੀ ਫਿਰਦੇ ਰਹੇ। ਮੁਸਲਮਾਨਾਂ ਦੇ ਗਏ ਉਹੋ ਜਿਹੇ ਕੱਪੜੇ ਪਹਿਨ ਲਏ। ਮੱਕੇ ਨੂੰ ਜਾਂਦੇ ਹੋਏ, ਹਰੇ ਕੱਪੜੇ ਪਾ ਲਏ। ਆਸਾ ਲੈ ਲਿਆ ਹੱਥ ਵਿਚ, ਕੱਛ ਵਿਚ ਕਿਤਾਬ ਲੈ ਲਈ। ਉਹੋ ਜਿਹੇ ਹੀ ਬਣ ਗਏ ਹਾਜ਼ੀਆਂ ਵਰਗੇ।

ਜੇ ਗੋਰਖ ਕੋਲ ਗਏ, ਲੱਕ ਨਾਲ ਰੱਸੇ ਬੰਨ੍ਹ ਲਏ। ਪਹਾੜਾਂ 'ਤੇ ਚੜ੍ਹਨ ਵਾਲਿਆਂ ਵਾਲਾ ਸਮਾਨ ਬੰਨ੍ਹ ਲਿਆ ਸਾਰਾ। ਚਮੜੇ ਦੇ ਕੱਪੜੇ ਪਾ ਲਏ। ਜੇ ਦੂਜੇ ਪਾਸੇ ਨੂੰ ਗਏ ਤਾਂ ਭਗਵੇਂ ਕੱਪੜੇ ਪਾ ਲਏ। ਜਿਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਭੰਗਰਨਾਥ ਨੂੰ ਅਚੱਲ ਬਟਾਲੇ ਮਿਲੇ। ਉਸ ਵੇਲੇ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਿਹੋ ਜਿਹੇ ਸੀ? ਉਸ ਵੇਲੇ ਗ੍ਰਿਹਸਤੀਆਂ ਦੀ ਜੋ ਡਰੈਸ ਸੀ ਉਹ ਪਾਈ ਹੋਈ ਸੀ ਉਹਨਾਂ ਨੇ। ਜਦੋਂ ਅਚੱਲ ਬਟਾਲੇ ਗਏ ਤਾਂ ਸਾਰੇ ਸਿੱਧ ਹੈਰਾਨ ਹੋ ਗਏ ਕਿ ਇਹ ਤਾਂ ਗ੍ਰਿਹਸਤੀਆਂ ਦੀ ਪੁਸ਼ਾਕ ਪਾਈ ਬੈਠੇ ਨੇ। ਭੰਗਰਨਾਥ ਨੇ ਮਿਹਣਾ ਦਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿ ਤੂੰ ਦੁੱਧ ਵਿਚ ਕਾਂਜੀ ਪਾ ਦਿਤੀ। ਹੁਣ ਦੁੱਧ ਫਟ ਜਾਣੈ ਤੇ ਕੁਛ ਨਹੀਂ ਬਣਨਾ। ਹੇ ਗੁਰੂ ਨਾਨਕ ਜੀ! ਤੁਸੀਂ ਸਿੱਖਾਂ ਨੂੰ ਉਲਟੇ ਰਸਤੇ ਪਾ ਦਿਤਾ। ਤੁਸੀਂ ਫੇਰ ਮੁੜ ਕੇ ਗ੍ਰਿਹਸਤੀਆਂ ਵਾਲੇ ਕੱਪੜੇ ਪਾ ਲਏ?

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਉਥੇ ਜਿਹੜੀ ਗੋਸ਼ਟ ਹੋਈ ਉਹਨੂੰ ਵਿਚਾਰ ਕੇ ਪੜ੍ਹਿਓ ਕਦੇ। ਅਖੀਰ ਜੋਗੀਆਂ ਨੂੰ ਮੰਨਣਾ ਪਿਆ, ਸਾਰੀ ਸਿੱਧ ਮੰਡਲੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਬਲ ਨਾਲ ਜਿੱਤ ਲਈ ਤੇ ਇਕ ਉਪਦੇਸ਼ ਸਾਰੀ ਦੁਨੀਆਂ ਨੂੰ, ਰਹਿੰਦੀ ਦੁਨੀਆਂ ਤਕ ਦਾ ਦਿਤਾ। ਉਹਨੂੰ ਯਾਦ ਕਰ ਲਓ ਸਾਰੇ -

ਧਾਰਨਾ - ਕਲੁ ਆਇਓ ਰੇ, ਇਕ ਨਾਮ ਬੀਜ ਲਓ।

ਅਬ ਕਲੁ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੁਤਿ ਨਾਹੀ ਨਾਹੀ ॥
ਮਤੁ ਭਰਮਿ ਭੁਲਹੁ ਭੁਲਹੁ ॥ *ਅੰਗ- ੧੧੮੫*

ਆਹ ਸਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਦਾ ਸਾਰ ਹੈ -

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ *ਅੰਗ- ੨੬੬*

ਦੋ ਚੀਜ਼ਾਂ ਕਰ ਲਓ। ਕਰਮਾਂ ਨੂੰ ਨਿਰਮਲ ਬਣਾ ਲਓ ਤੇ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਜਪੋ। ਇਹਦੇ ਨਾਲ ਸਾਡਾ ਉਧਾਰ ਹੋ ਜਾਏਗਾ। ਸੁਖਾਲਾ ਜਿਹਾ ਹੀ ਦਸ ਦਿਤਾ ਮਹਾਰਾਜ ਨੇ ਕਿਉਂਕਿ -

ਨਾਨਕ ਕੈ ਘਰਿ ਕੇਵਲ ਨਾਮੁ ॥ *ਅੰਗ- ੧੧੩੬*

ਗੁਰੂ ਘਰ ਵਿਚ ਕੇਵਲ ਨਾਮ ਹੈ। ਔਖੇ ਹੋਣ ਦੀ ਲੋੜ ਨਹੀਂ। ਕੰਮ ਕਰੋ -

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ *ਅੰਗ- ੧੨੪੫*

ਜੇ ਜੀਵਨ ਦੇ ਵਿਚ ਸੁੱਚ ਹੈ। ਧਰਮ ਦੀ ਕਿਰਤ ਕਰਦੈ। ਨਿਤਨੇਮ ਕਰਦੈ। ਬਾਣੀ ਪੜ੍ਹਦੈ। ਸਰਬੱਤ ਦਾ ਭਲਾ ਦਿਲੋਂ ਮੰਗਦੈ -

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਕਾ ਭਲਾ।

ਕਿਸੇ ਦਾ ਬੁਰਾ ਨਹੀਂ ਮੰਗਦਾ। ਉਹ ਸਾਧਾਂ ਨਾਲੋਂ ਚੰਗਾ ਗ੍ਰਿਹਸਤੀ ਹੋਇਆ ਕਰਦੈ। ਕਿਉਂਕਿ ਉਹਦੇ ਮਨ ਵਿਚ ਨਿਮਰਤਾ ਹੈ ਕਿ ਮੈਂ ਤਾਂ ਕੁਛ ਨਹੀਂ ਹਾਂ। ਸੇਵਾ ਭਾਵ ਹੈ ਉਹਦੇ ਮਨ ਵਿਚ। ਜੇ ਉਹ ਨਾਮ ਵੀ ਜਪੀ ਜਾਵੇ, ਜੀਭ ਤੋਂ ਕੰਮ ਲਈ ਜਾਵੇ। ਫਾਲਤੂ ਗੱਲਾਂ ਦੀ ਥਾਂ 'ਤੇ ਵਾਹਿਗੁਰੂ-ਵਾਹਿਗੁਰੂ ਕਰੀ ਜਾਵੇ। ਫੇਰ ਤਾਂ ਡੰਕੇ ਵਜਦੇ ਜਾਣਗੇ ਦਰਗਾਹ ਨੂੰ -

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥ *ਅੰਗ - ੨੮੩*

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਤੁਸੀਂ ਅੱਜ ਮਨਾਈ ਹੈ। ਆਗਮਨ ਦਿਵਸ। ਮਹਾਰਾਜ ਕ੍ਰਿਪਾ ਕਰਨ, ਆਪਣੀ ਸੰਗਤ ਨੂੰ ਨਾਮ ਦੀ ਦਾਤ ਦੇਣ ਤੇ ਜਿਹੜਾ ਸਾਲ ਹੈ ਸੁੱਖਾਂ ਦਾ ਬਤੀਤ ਹੋਵੇ ਤੇ ਗੁਰੂ ਸਾਡੇ ਯਾਦ ਆਉਂਦਾ ਰਹੇ, ਭੁੱਲੇ ਨਾ ਕਦੇ ਵੀ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ।

(ਵੀਡੀਓ ਫਿਲਮ ਦੀਵਾਨ ਨੰ: 310 ਦੀ ਬਾਕੀ)



ਚੇਤਹਿ ਏਕੁ ਤਹੀ ਸੁਖੁ ਹੋਇ

ਸੰਤ ਬਾਬਾ ਹਰਪਾਲ ਸਿੰਘ ਜੀ
ਐਡੀਟਰ-ਇਨ-ਚੀਫ

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥
ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥
ਅਜਹੁ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨ ॥ ੧ ॥
ਅੰਗ - ੭੨੫

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰਨ ਦਾ ਯਤਨ ਕਰੀਏ। ਸਾਰੇ ਹੀ ਰਸਨਾ ਦੀ ਪਵਿੱਤਰਤਾ ਦੇ ਵਾਸਤੇ ਉਚਾਰਨ ਕਰੋ ਜੀ - 'ਸਤਿਨਾਮੁ ਸ੍ਰੀ ਵਾਹਿਗੁਰੂ'। ਪਾਤਸ਼ਾਹ ਜੀ ਦੀ ਬਖਸ਼ਿਸ਼ ਸਦਕਾ ਸਾਨੂੰ ਸਾਰਿਆਂ ਨੂੰ ਸਤਿਗੁਰਾਂ ਦੇ ਪਾਵਨ ਦਰਬਾਰ ਦੀ ਹਾਜ਼ਰੀ ਭਰਨ ਦਾ ਸਮਾਂ ਪ੍ਰਾਪਤ ਹੋ ਰਿਹਾ ਹੈ।

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
ਅੰਗ- ੬੨੮
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਅੰਗ- ੯੮੨

ਥੋੜ੍ਹਾ ਜਿਹਾ ਜੋ ਸਮਾਂ ਹੈ -

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭

ਇਸ ਦਾ ਸਾਰਿਆਂ ਨੇ ਲਾਭ ਲੈਣਾ ਹੈ ਕਿਉਂਕਿ ਕਲਜੁਗ ਦੇ ਵਿਚ ਇਸੇ ਕਰਮ ਨੂੰ ਪ੍ਰਧਾਨਤਾ ਦਿਤੀ ਹੈ -

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨

ਸਤਿਗੁਰ ਜੀ ਦਾ ਜੋ ਮੁਖ ਵਾਕ ਆਇਆ ਹੈ ਉਹਦੇ ਵਿਚ ਇਹ ਫੁਰਮਾਨ ਆਇਆ ਹੈ ਕਿ ਸਹਿਜ, ਅਨੰਦ, ਸੁਖ ਕਿੱਥੇ ਮਿਲਦੇ ਨੇ? ਸਹਿਜ ਸਮਾਧ ਦੇ ਜੋ ਸੁਖ ਹਨ ਉਹ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦੇ ਹਨ। ਗੁਰੂ, ਮੰਤਰ ਦਿੰਦੇ ਹਨ। ਮੰਤਰ ਦੀ ਕਮਾਈ, ਕਮਾਈ ਵਾਲੇ ਪੁਰਸ਼ ਦਸਦੇ ਹਨ ਕਿ ਕਿਵੇਂ ਕਰਨੀ ਹੈ। ਕਿਉਂਕਿ 'ਨਾਮ' ਤਾਂ ਅੰਦਰ ਹੈ -

ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥
ਭਾਈ ਗੁਰਦਾਸ ਜੀ॥

ਇਸ ਦੀ ਜੁਗਤ ਸਤਿਸੰਗ ਦੇ ਵਿਚੋਂ ਮਿਲਦੀ ਹੈ। ਉਸ ਲਈ ਫੇਰ ਅੰਤਰੰਗ ਸਾਧਨ ਕਰਨੇ ਹਨ। ਜੋ ਆਪ ਨਾਮ ਬਾਣੀ ਨਾਲ ਜੁੜਦੇ ਹਨ, ਹੋਰਨਾਂ ਨੂੰ ਜੋੜਦੇ ਹਨ, ਉਹਨਾਂ ਦੀ ਕਥਾ ਨਿਰਾਲੀ ਹੋਇਆ ਕਰਦੀ ਹੈ -

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ
ਪਾਰਬ੍ਰਹਮ ਸੰਗਾਰੀ ਰੇ ॥ *ਅੰਗ- ੮੫੫*

ਐਸੀ ਕਥਾ, ਜਿਹੜੇ ਹਰੀ ਦੇ ਸੇਵਕ ਹਨ, ਉਹਨਾਂ ਦੀ ਹੈ, ਜਿਹੜੇ ਨਾਮ 'ਚ ਅਭੇਦ ਹੋਏ ਹਨ -

ਹਰਿ ਹਰਿ ਜਨੁ ਦੁਇ ਏਕ ਹੈ ਬਿਬੁ ਬਿਚਾਰੁ ਕਿਛੁ ਨਾਹਿ।
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।

ਉਹ ਕਥਾ ਸੁਣ ਕੇ ਕਿੰਨੀ ਵੱਡੀ ਪ੍ਰਾਪਤੀ ਹੋ ਜਾਂਦੀ ਹੈ।

ਅਗਮ ਅਗਾਧਿ ਪਾਰਬ੍ਰਹਮੁ ਸੋਇ ॥
ਜੋ ਜੋ ਕਹੈ ਸੁ ਮੁਕਤਾ ਹੋਇ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥
ਸਾਧ ਜਨਾ ਕੀ ਅਚਰਜ ਕਥਾ ॥ *ਅੰਗ- ੨੭੧*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਬਚਨ ਸਾਡੇ ਸਾਰਿਆਂ ਵਾਸਤੇ ਹਨ -

ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ। ਪਰਚਾ ਸ਼ਬਦ ਕਾ।

ਇਹ ਸਤਿਗੁਰ ਜੀ ਦਾ ਹੁਕਮ ਹੈ -

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ,
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਮਿਲਬੋ ਚਹੈ ਖੋਜ ਸਬਦ ਮਹਿ ਲੇਹ।
ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।

ਖੁਆਰੁ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।
ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੇ ਪਾਰ।
ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨਹਾਰ।

ਪਹਿਲਾ ਉਮਰਾਂ ਵੱਡੀਆਂ ਸਨ, ਮੰਤਰ ਵੱਡੇ ਸਨ। ਮੰਤਰ 'ਓਅੰ' ਕਹਿ ਕੇ ਸ਼ੁਰੂ ਹੁੰਦੇ। ਫੇਰ 'ਨਮਹ' 'ਤੇ ਸਮਾਪਤ ਹੁੰਦੇ ਪਰ ਹੁਣ ਕਲਜੁਗ ਦਾ ਸਮਾਂ ਹੈ, ਉਮਰਾਂ ਬਹੁਤ ਛੋਟੀਆਂ ਹਨ। ਕਿਹੋ ਜਿਹੇ ਸਮੇਂ ਆ ਗਏ ਆਪਾਂ ਵੀ ਦੇਖ ਹੀ ਰਹੇ ਹਾਂ –

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥ *ਅੰਗ – ੨੯੫*

ਕਰੋਨਾ ਵਾਇਰਸ ਨੇ ਜਿਵੇਂ ਕਿੰਨੀ ਦੁਨੀਆਂ ਨੂੰ ਖਤਮ ਕਰ ਦੇਣਾ ਸੀ। ਹੁਣ ਸਾਹ ਦੀ ਇਹ ਬਿਮਾਰੀ ਹੈ। ਕੋਈ ਐਸਾ ਮੰਤਰ ਹੈ ਜਿਹੜਾ ਸਾਰੀਆਂ ਹੀ ਬਿਮਾਰੀਆਂ ਦੂਰ ਕਰ ਦੇਵੇ? –

ਸਰਬ ਰੋਗ ਕਾ ਅਉਖਦੁ ਨਾਮੁ ॥ *ਅੰਗ- ੨੭੪*

ਇਹ ਦਵਾਈ ਹੈ –

ਹਰਿ ਅਉਖਧੁ ਸਭ ਘਟ ਹੈ ਭਾਈ ॥
ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥
ਗੁਰਿ ਪੂਰੈ ਸੰਜਮੁ ਕਰਿ ਦੀਆ ॥
ਨਾਨਕ ਤਉ ਫਿਰਿ ਦੂਖ ਨ ਥੀਆ ॥ *ਅੰਗ- ੨੫੯*

ਦਵਾਈ ਵੀ ਫੇਰ ਰਾਸ ਆ ਜਾਂਦੀ ਹੈ। ਡਾ. ਰਾਹਲ ਹਨ ਇਹ ਰਤਵਾੜਾ ਸਾਹਿਬ ਆਉਂਦੇ ਹਨ। ਇਹਨਾਂ ਨੇ ਨਾਲ ਇਹ ਵੀ ਕਹਿਣਾ ਕਿ ਦਵਾਈ ਦੇ ਉਤੇ ਮੰਤਰ ਪੜ੍ਹੋ। ਸਾਡਾ ਤਾਂ ਮੰਤਰ ਹੀ ਸਵਾਸ 'ਤੇ ਆ ਜਾਂਦਾ ਹੈ – ਅੰਦਰ ਨੂੰ ਸਾਹ ਜਾਂਦੇ 'ਵਾਹਿ' ਬਾਹਰ ਨੂੰ ਸਵਾਸ ਆਉਂਦੇ 'ਗੁਰੂ।' ਹੁਣ ਇਹ balance ਬਣ ਜਾਂਦਾ ਹੈ। ਸਵਾਸ 'ਤੇ ਆ ਗਿਆ, ਫੇਰ ਚਿੰਤਾ ਵੀ ਖਤਮ ਹੋ ਜਾਂਦੀਆਂ ਨੇ –

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥ *ਅੰਗ- ੨੯੫*

ਸਾਰੇ ਦੁਖਾਂ ਦਾ, ਰੋਗਾਂ ਦਾ, ਇਲਾਜ ਜੋ ਹੈ ਮੈਡੀਟੇਸ਼ਨ ਹੈ। ਇਕ ਤਰ੍ਹਾਂ ਦੀ ਇਹ ਮੈਡੀਸਨ ਹੈ। ਪਰ ਜੋ ਜੁਗਤ ਹੁੰਦੀ ਹੈ। ਸਿੱਧਾਂ ਨੇ ਸਵਾਲ ਕਰਿਆ ਸੀ ਕਿ –

ਦੁਨੀਆ ਸਾਗਰੁ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ॥ *ਅੰਗ- ੯੩੮*

ਇਹ ਦੁਨੀਆ ਤਾਂ ਨਾ ਤਰਨ ਵਾਲੀ ਹੈ। ਸਿੱਧ ਕਹਿੰਦੇ, ਇਹਨਾਂ ਨੂੰ ਕਿਵੇਂ ਪਾਰ ਕਰ ਸਕਦੇ ਹਾਂ। ਸਿੱਧ ਤਾਂ ਦੁਨੀਆਂ ਤੋਂ ਕਿਨਾਰਾ ਕਰ ਗਏ ਸੀ। ਜਦੋਂ ਸਿੱਧ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਦੇ ਨੇ ਕਿ ਦੁਨੀਆਂ ਦਾ ਕੀ ਹਾਲ ਹੈ? ਕਹਿੰਦੇ, ਤੁਸੀਂ ਚੰਗੇ ਪੁਰਸ਼ਾਂ ਨੂੰ ਤਾਂ ਕੱਢ ਲਿਆ, ਰਾਜੇ ਚੰਗੇ ਸਨ ਉਹਨਾਂ ਦੇ ਕੰਨਾਂ 'ਚ ਮੁੰਦਰਾਂ ਪੁਆ ਦਿਤੀਆਂ। ਇਥੇ ਪਹਾੜਾਂ 'ਤੇ ਬਿਠਾ ਦਿਤੇ, ਯੋਗੀ ਬਣਾ ਦਿਤੇ। ਚੰਗਿਆਈ ਕੱਢ ਲਓ, ਫੇਰ ਪਿੱਛੇ ਬੁਰਿਆਈ ਹੀ ਰਹਿ ਜਾਂਦੀ ਹੈ। ਉਹ ਸਵਾਲ ਕਰਦੇ ਨੇ ਕਿ –

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ ॥ *ਅੰਗ- ੯੪੬*

ਮਹਾਰਾਜ ਕਹਿੰਦੇ –

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥ *ਅੰਗ- ੯੪੬*

ਹਉਮੈ ਕਰਕੇ ਇਹ ਸਾਰਾ ਚਲਦਾ ਹੈ ਕਿਉਂਕਿ–

ਹਉਮੈ ਰੋਗੁ ਮਾਨੁਖ ਕਉ ਦੀਨਾ ॥ *ਅੰਗ – ੧੧੪੦*

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥

ਅੰਗ – ੯੯੯

ਇਸ ਦਾ ਇਲਾਜ ਹੈ – ਵਾਹਿਗੁਰੂ ਦਾ ਨਾਮ।

ਸਿੱਧਾਂ ਦੇ ਸਵਾਲ ਦਾ ਜਵਾਬ ਗੁਰੂ ਬਾਬਾ ਜੀ ਨੇ ਇਹ ਦਿਤਾ ਕਿ ਸਤਿਸੰਗਤ ਪਾਰ ਲਾਵੇਗੀ। ਗੁਰਮੁਖਾਂ ਦੀ ਸੰਗਤ ਪਾਰ ਲਾਵੇਗੀ। ਇਹਦੇ ਵਿਚੋਂ ਜੁਗਤ ਮਿਲੇਗੀ। ਜਿਹੜਾ ਸਾਰੇ ਦੁਖਾਂ ਦਾ, ਰੋਗਾਂ ਦਾ, ਇਲਾਜ ਹੈ, ਉਹ ਇਹੀ ਹੈ –

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥ *ਅੰਗ – ੨੯੫*

ਹਰ ਸਵਾਸ ਦੇ ਨਾਲ ਉਹਨੂੰ ਯਾਦ ਕਰੋ। ਜੇ ਅਸੀਂ ਸਿੱਖ ਹਾਂ ਤਾਂ ਇਹਦੀ ਪਰਿਭਾਸ਼ਾ ਜੋ ਹੈ, ਉਹ ਇਹੀ ਹੈ –

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ *ਅੰਗ – ੩੦੫*

ਜੇ ਗੁਰੂ ਦੇ ਸਿੱਖ ਅਖਵਾਉਂਦੇ ਹਾਂ ਤਾਂ ਹੀ ਅਖਵਾਉਣ ਦੇ ਹੱਕਦਾਰ ਹਾਂ, ਜੇ ਅਸੀਂ ਇਸ ਤਰ੍ਹਾਂ ਕਰਦੇ ਹਾਂ। ਉਦਮ ਕਰਕੇ ਉੱਠੇ, ਇਸ਼ਨਾਨ ਕਰਕੇ ਧਿਆਨ 'ਚ ਬੈਠੇ। ਹੁਣ ਅੰਮ੍ਰਿਤਸਰ ਅੰਮ੍ਰਿਤ ਦਾ

ਸਰੋਵਰ, ਸ੍ਰੀ ਹਰਿਮੰਦਰ ਸਾਹਿਬ ਬਾਣੀ 24 ਘੰਟੇ ਪੜ੍ਹੀ ਜਾਂਦੀ ਹੈ। ਬਾਣੀ ਦਾ ਪ੍ਰਵਾਹ ਚਲਦਾ ਹੈ। ਜਲ 'ਚ ਅਸਰ ਹੋਇਆ। ਕਿੱਡੀ ਵੱਡੀ ਬਖਸ਼ਿਸ਼ ਹੁੰਦੀ ਹੈ –

ਰਾਮਦਾਸਿ ਸਰੋਵਰ ਨਾਤੇ ॥
ਸਭ ਲਾਥੇ ਪਾਪ ਕਮਾਤੇ ॥ *ਅੰਗ – ੬੨੪*

ਇਸੇ ਤਰ੍ਹਾਂ ਸਰੀਰ ਦੇ ਅੰਦਰ ਵੀ ਸਰੋਵਰ ਹੈ–

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ *ਅੰਗ- ੨੯੩*

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ – ੬੯੫

ਫੇਰ ਧਿਆਨ 'ਚ ਬੈਠੇ –

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ ॥ *ਅੰਗ- ੬੧੧*

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ- ੩੦੫

ਚਾਰ ਪਾਪ ਹਨ – ਬ੍ਰਾਹਮਣ, ਕੇਲੀ, ਘਾਤ ਕੰਜਕਾ ਇਹ ਕਿਲਵਿਖ ਪਾਪ ਵੀ ਉਤਰ ਜਾਂਦੇ ਹਨ। ਅੱਗੇ ਫੇਰ ਜਦੋਂ ਦਿਨ ਚੜ੍ਹਦਾ ਹੈ –

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥ *ਅੰਗ – ੩੦੫*

10 ਮਿੰਟ ਬੋਲ ਕੇ ਕਰਨਾ ਜਿਵੇਂ ਕਿ ਅੰਦਰ ਨੂੰ ਸਵਾਸ ਜਾਂਦਾ, 'ਵਾਹਿ' ਬਾਹਰ ਨੂੰ ਆਉਂਦਾ 'ਗੁਰੂ'। ਡੂੰਘਾ ਸਵਾਸ ਲੈਣਾ ਹੈ। ਪਹਿਲਾਂ ਬੈਖਰੀ ਬਾਣੀ 'ਚ ਬੋਲ ਕੇ ਵਾਹਿਗੁਰੂ-ਵਾਹਿਗੁਰੂ ਕਰਨਾ। ਮਧਮਾ ਦੇ ਵਿਚ ਬੁੱਲ੍ਹ ਹਿੱਲਣਗੇ, ਜੀਭ ਵੀ ਹਿਲਦੀ ਹੈ, ਪਰ ਅੰਦਰ ਅਵਾਜ਼ ਸੁਣਦੀ ਹੈ ਬਾਹਰ ਨਹੀਂ ਸੁਣਦੀ। ਫੇਰ ਉਸ ਤੋਂ ਬਾਅਦ ਪਸੰਤੀ ਬਾਣੀ ਹੁੰਦੀ ਹੈ ਉਹਦੇ ਵਿਚ ਕੀ ਹੁੰਦਾ ਹੈ –

ਬਿਨੁ ਜਿਹਵਾ ਜੋ ਜਪੈ ਹਿਆਇ ॥
ਕੋਈ ਜਾਣੈ ਕੈਸਾ ਨਾਉ ॥ *ਅੰਗ- ੧੨੫੬*

ਉਸ ਤੋਂ ਬਾਅਦ ਅਵਸਥਾ ਕੀ ਹੁੰਦੀ ਹੈ। ਸਵਾਸ ਤੇ ਮੰਤਰ ਆ ਜਾਂਦਾ ਹੈ। ਕਿੱਡੀ ਉੱਚੀ ਅਵਸਥਾ ਨੂੰ ਪਰਾ ਬਾਣੀ ਕਿਹਾ ਹੈ –

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- ੩੧੯

ਸੰਤ ਕਿਸੇ ਭੇਖ ਦਾ ਨਾਮ ਨਹੀਂ। ਉਹ ਅਵਸਥਾ ਦਾ ਨਾਮ ਹੈ। ਜਦੋਂ ਇਹ ਸਵਾਸ 'ਤੇ ਆ ਜਾਂਦਾ ਹੈ। ਭਾਵੇਂ ਉਹ ਗ੍ਰਹਿਸਤ ਵਿਚ ਹੈ, ਭਾਵੇਂ ਬਿਹੰਗਮ ਮਾਰਗ ਅਖਤਿਆਰ ਕਰਦਾ ਹੈ ਪਰ ਅਸਲ ਅੰਦਰਲੀ ਅਵਸਥਾ ਦੀ ਜੇ ਪ੍ਰਾਪਤੀ ਹੋ ਜਾਵੇ, ਉਸ ਅਵਸਥਾ ਦਾ ਨਾਮ ਹੈ। ਇਸ ਤਰ੍ਹਾਂ ਦੇ ਨਾਲ ਜਦੋਂ ਲੰਮਾ ਸਾਹ ਲੈ ਕੇ ਜਪਣਾ ਹੁੰਦਾ ਹੈ ਤਾਂ ਸੁਣਨਾ ਹੈ। ਅੰਦਰ ਨੂੰ ਧੁਨ ਬਣ ਜਾਂਦੀ ਹੈ –

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥ *ਅੰਗ- ੯੭੯*

ਜਦੋਂ ਸਵਾਸ ਲਓ, ਪੇਟ ਤੋਂ ਲਓ। ਰੀੜ੍ਹ ਦੀ ਹੱਡੀ ਸਿੱਧੀ ਰੱਖੋ, 90 ਡਿਗਰੀ 'ਤੇ। ਅੰਦਰ ਨੂੰ ਸਵਾਸ ਜਾਂਦਾ ਹੈ ਪੇਟ ਬਾਹਰ ਨੂੰ ਆਉਂਦਾ ਹੈ, ਬਾਹਰ ਨੂੰ ਜਾਂਦਾ ਹੈ ਸਵਾਸ ਬਾਹਰ ਨੂੰ ਆਉਂਦਾ ਹੈ ਤਾਂ ਪੇਟ ਅੰਦਰ ਨੂੰ ਜਾਂਦਾ ਹੈ। ਫੇਰ ਸੁਣੋ ਵਾਹਿ.....ਗੁਰੂ.....। ਹੁਣ ਸਵਾਸ ਅੰਦਰ ਗਿਆ ਭਰਿਆ ਹੋਇਆ ਗਿਆ, ਪ੍ਰਾਣ ਵਾਯੂ ਅੰਦਰ ਗਈ, ਬਾਹਰ ਨੂੰ ਜਦੋਂ ਆਉਣਾ ਹੈ, ਉਹ ਵੀ ਖਾਲੀ ਨਾ ਆਵੇ। ਇਸ ਨੂੰ ਸਾਸ-ਗਿਰਾਸ ਕਿਹਾ ਹੈ।

ਔਗੁਣੀ ਭਰਿਆ ਸਰੀਰ ਹੈ। ਸਰੀਰ ਦੀਆਂ ਤਾਂ ਬਿਆਧੀਆਂ ਹਨ। ਜੰਮਦਾ ਹੈ ਮਰਦਾ ਹੈ। ਇਸ ਵਿਚ ਹਉਮੈ ਵੀ ਰਖ ਦਿਤੀ –

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ *ਅੰਗ- ੫੬੦*

ਜਿਥੇ ਦੋ ਗੱਲਾਂ ਆ ਜਾਂਦੀਆਂ ਹਨ। ਉਥੇ ਨਾਮ ਦੀ ਤਾਂ ਗੱਲ ਰਹਿੰਦੀ ਹੀ ਨਹੀਂ। ਰਾਗ ਜਾਂ ਦ੍ਵੈਸ਼ ਖੜ੍ਹਾ ਹੋ ਜਾਂਦਾ ਹੈ। ਪੰਜ ਕਲੇਸ਼ ਨੇ। ਅਸਮਿਤਾ, ਅਵਿਦਿਆ, ਰਾਗ, ਦ੍ਵੈਸ਼, ਇਹ ਸਾਰੇ ਕਲੇਸ਼ ਕਿਵੇਂ ਦੂਰ ਹੁੰਦੇ ਨੇ? –

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥ *ਅੰਗ- ੨੬੨*

ਇਸ ਦੀ ਯਾਦ ਵਿਚ ਬੈਠ ਕੇ, ਸਵਾਸ-ਸਵਾਸ 'ਤੇ ਜਦੋਂ ਸਿਮਰਨ ਆ ਜਾਂਦਾ ਹੈ ਫੇਰ ਹੀ ਚਿੰਤਾਵਾਂ ਖਤਮ ਹੁੰਦੀਆਂ ਨੇ। ਨਹੀਂ ਤਾਂ –

ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥ *ਅੰਗ- ੯੩੨*

ਭੋਗਾਂ ਦੀ ਦੁਨੀਆਂ ਵਿਚ ਗ੍ਰਸਤ ਰਹਿਣ ਕਰਕੇ ਸੰਸਾਰ ਦੁਖੀ ਹੈ-

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥ *ਅੰਗ- ੯੫੩*

ਹੁਣ ਜੇ ਭੋਗ ਦੀ ਦੁਨੀਆਂ ਵਿਚ ਸੁਖ ਹੁੰਦਾ, ਜਿਵੇਂ ਇੰਦਰ ਦੀ ਜ਼ਿੰਦਗੀ 'ਚ ਕਿੰਨਾ ਰਾਜ ਭਾਗ, ਭੋਗ ਹੈ ਪਰ ਉਹ ਜਿਹੜੇ ਭੌਤਿਕ ਪਦਾਰਥ ਹਨ ਇਹਨਾਂ ਵਿਚ ਸੁਖ ਨਹੀਂ ਹੈ। ਇਨਸਾਨ ਕੀ ਸੋਚਦਾ ਹੈ ਕਿ ਖਾਓ ਪੀਓ, ਐਸ਼ ਕਰੋ, ਅਖੀਰ ਇਕ ਦਿਨ ਮਰ ਜਾਣਾ ਹੈ -

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ
ਧ੍ਰਿਗੁ ਜੀਵਣੁ ਨਹੀ ਰਹਣਾ ॥ *ਅੰਗ- ੧੨੫੪*

ਭੋਗ ਦੀ ਜ਼ਿੰਦਗੀ ਵਿਚ ਕਦੇ ਸੁਖ ਨਹੀਂ -

ਆਪੀਨੈ ਭੋਗ ਭੋਗਿ ਕੈ
ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੁਆਇਆ ॥
ਮਨਿ ਅੰਧੈ ਜਨਮੁ ਗਵਾਇਆ ॥ *ਅੰਗ- ੪੬੪*

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥ *ਅੰਗ - ੧੯੯*

ਅੱਜ ਦੇਖੋ ਸਾਰੇ ਹੀ ਚਿੰਤਾ ਵਿਚ ਨੇ - ***'ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥***' ਸੁਖ ਤਾਂ ਨਾਮ ਵਿਚ ਹੈ। ਦੇਸ਼-ਪਰਦੇਸ਼ ਕਿਤੇ ਵੀ ਭਰਮਣ ਕਰ ਲਵੋ, ਸੁਖ ਤਾਂ ਨਾਮ ਵਿਚ ਹੈ -

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥
ਅੰਗ- ੧੪੨੭

ਹੋਰ ਅੱਗੇ ਵੱਡਿਆਂ ਦੀ ਗੱਲ ਕਰਦੇ ਨੇ -

ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥ *ਅੰਗ- ੯੫੪*

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥
ਅੰਗ- ੧੪੨੯

ਪਰ ਇਹਦੇ ਨਾਲ ਚਿਤ ਲਾਈ ਬੈਠੇ ਹਾਂ -

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ *ਅੰਗ- ੭੦੭*

ਜਦੋਂ ਐਡੇ ਵੱਡੇ-ਵੱਡੇ ਹੋਏ, ਉਹ ਵੀ ਨਹੀਂ ਰਹੇ -

ਰੋਵਹਿ ਪਾਂਡਹ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥ *ਅੰਗ - ੯੫੪*

ਪਾਂਡਵ ਵੀ ਰੋਏ। ਕ੍ਰਿਸ਼ਨ ਭਗਵਾਨ ਜੀ ਉਹਨਾਂ ਦੇ ਸਾਰਥੀ ਰਹੇ। ਜੂਏ 'ਚ ਹਾਰ ਗਏ ਪਾਂਡਵ ਸਭ ਕੁਛ। ਅਗਿਆਤਵਾਸ ਦਾ ਸਮਾਂ ਕਿੰਨਾ ਔਖਾ ਲੰਘਿਆ। ਅੱਗੇ ਹੋਰ ਮਿਸਾਲ ਦਿੰਦੇ ਨੇ -

ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥ *ਅੰਗ - ੯੫੪*

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥
ਅੰਗ - ੧੩੪੪

ਉਸ ਨੂੰ ਬਿਆਸ ਜੀ ਨੇ ਸਾਰਾ ਕੁਝ ਪਹਿਲਾਂ ਹੀ ਦਸ ਵੀ ਦਿਤਾ ਕਿ ਤੇਰੇ ਨਾਲ ਆਹ ਕੁਛ ਹੋਣਾ ਹੈ। ਹੋ ਕੇ ਰਿਹਾ। ਭਾਵੀ ਨੇ ਉਹਨੂੰ ਵੀ ਰੁਆਇਆ। ਵੱਡੇ-ਵੱਡੇ ਰੋਏ -

ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥ *ਅੰਗ- ੯੫੪*

ਦਰ-ਦਰ 'ਤੇ ਭੀਖਿਆ ਮੰਗਦੇ ਨੇ। ਕੰਨ ਪਾੜ ਕੇ ਯੋਗੀ ਬਣੇ। ਫੇਰ ਸ਼ਾਂਤੀ ਤਾਂ ਨਾਮ ਤੋਂ ਬਿਨਾਂ ਨਹੀਂ ਆਈ।

ਗੁਰੂ ਬਾਬਾ ਜੀ ਕਹਿੰਦੇ ਨੇ -

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ *ਅੰਗ- ੧੨੪੫*

ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥ *ਅੰਗ- ੯੫੪*

ਵੱਡੇ-ਵੱਡੇ ਸੇਖ ਮਸਾਇਕ, ਪੀਰ, ਔਲੀਏ ਵੀ ਰੋਏ। ਡਰਦੇ ਨੇ -

ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥

ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥ *ਅੰਗ - ੯੫੪*

ਵੱਡਿਆਂ-ਵੱਡਿਆਂ ਦਾ ਜ਼ਿਕਰ ਕਰਦੇ ਹੋਏ ਆਖਿਰ ਦੇ ਵਿਚ ਕਹਿੰਦੇ ਨੇ ਕਿ ਸਾਰਾ ਸੰਸਾਰ ਦੁਖੀ ਹੈ -

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥
ਅੰਗ - ੧੩੮੨

ਮਹਾਂਪੁਰਸ਼ਾਂ ਨੇ ਜੋ 'ਆਤਮ ਮਾਰਗ' ਮੈਗਜ਼ੀਨ ਹੈ ਉਸ ਵਿਚ ਬਹੁਤ ਖੋਲ੍ਹ-ਖੋਲ੍ਹ ਕੇ ਦਸਿਆ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਜੋ ਮਾਤਾ ਜੀਤੋ ਜੀ, ਜਿਨ੍ਹਾਂ ਦਾ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੋਂ ਬਾਅਦ ਅਜੀਤ ਕੌਰ ਪਵਿੱਤਰ ਨਾਮ ਹੋਇਆ, ਉਹਨਾਂ ਨੂੰ ਇਹ ਉਪਦੇਸ਼ ਬਖਸ਼ਿਸ਼ ਹੋਇਆ। ਉਹ ਸੱਤ ਦੀਵਾਨਾਂ ਦਾ ਸੰਗ੍ਰਹਿ, 'ਸੁਰਤਿ ਸਬਦਿ ਮਾਰਗ' ਪੁਸਤਕ ਹੈ। ਇੰਟਰਨੈੱਟ 'ਤੇ ਵੀ ਪਾਈ ਹੋਈ ਹੈ। ਹਿੰਦੀ, ਪੰਜਾਬੀ, ਇੰਗਲਿਸ਼ ਵਿਚ ਵੀ ਉਪਲੱਬਧ ਹੈ। ਉਹਦੇ ਵਿਚ ਦਸਿਆ ਹੈ ਕਿ ਕਿਵੇਂ ਸਮ, ਦਮ, ਯਮ ਨਿਯਮ ਅਪਨਾਉਣੇ ਨੇ। ਉਸ ਤੋਂ ਅੱਗੇ ਆਸਣ ਹੈ ਕਿ ਇਕ ਆਸਣ ਵਿਚ ਬੈਠਣਾ। ਜਿਸ ਘਰ 'ਚ ਮੈਡੀਟੇਸ਼ਨ ਰੂਮ ਨਹੀਂ, ਉਹ ਘਰ ਵੀ ਕਾਹਦਾ। ਜਿਥੇ ਅੰਦਰ ਦੀ ਖੋਜ ਕਰਨ ਵਾਸਤੇ ਕੋਈ ਜਗ੍ਹਾ ਨਹੀਂ। ਇਕ ਜਗ੍ਹਾ ਜ਼ਰੂਰ ਰੱਖੋ। ਉਥੇ ਰੋਜ਼ ਬੈਠੋ। ਆਸਣ ਸਿੱਧ ਹੋ ਗਿਆ। ਫੇਰ ਮਨ ਦੌੜਦਾ, ਉਹਨੂੰ ਦੇਖੋ। ਉਥੇ ਫੇਰ ਸਾਸ-ਸਾਸ ਹੈ। ਸਵਾਸ ਨਾਲ ਕਰੋ। ਪਹਿਲਾਂ 10 ਮਿੰਟ ਬੋਲ ਕੇ ਕਰੋ, ਫੇਰ 10 ਮਿੰਟ ਸੁਣ ਕੇ। ਫੇਰ 8 ਮਿੰਟ ਸੁਣਨਾ, 8 ਮਿੰਟ ਬੋਲਣਾ। ਫੇਰ ਇਸ ਤਰ੍ਹਾਂ ਹੌਲੀ-ਹੌਲੀ ਛੇ ਮਿੰਟ, ਅਖੀਰ ਤੇ ਫੇਰ ਦੋ ਮਿੰਟ, ਫੇਰ ਇਕ ਮਿੰਟ। ਇਸ ਤਰ੍ਹਾਂ 45 ਮਿੰਟ ਅਮਰੀਕਾ ਵਿਚ ਪ੍ਰੇਮੀ ਅਭਿਆਸ ਕਰਦੇ ਹਨ, ਸਵਾਸ ਰਾਹੀਂ। ਮਨ ਦੌੜਦਾ ਸਵਾਸ 'ਤੇ ਹੀ ਹੈ। ਫੇਰ ਹੈ ਨਿਧਿਆਸਣ, ਮਨ ਨੂੰ ਬਾਰ-ਬਾਰ ਰੋਕ ਕੇ ਲਿਆਉਣਾ। ਇਸ ਤਰ੍ਹਾਂ ਕਰਦੇ-ਕਰਦੇ ਫੇਰ ਧਾਰਨਾ। 12 ਸੈਕਿੰਡ ਮਨ ਰੁਕਣ ਲਗ ਗਿਆ। ਉਹਨੂੰ ਇਕ ਧਾਰਨਾ ਕਹਿੰਦੇ ਨੇ। ਵਾਹਿਗੁਰੂ ਮੰਤਰ ਸ਼ਕਤੀਸ਼ਾਲ ਮੰਤਰ ਹੈ। ਢਾਈ ਮਿੰਟ ਮਨ ਰੁਕਣ ਲਗ ਗਿਆ ਇਹਨੂੰ ਇਕ ਧਿਆਨ ਕਹਿੰਦੇ ਨੇ। ਧਿਆਨ ਤਿੰਨ ਤਰ੍ਹਾਂ ਦਾ ਹੈ - ਪ੍ਰਤੀਕ, ਸੰਪਤ, ਅਹੰਗ੍ਰਹਿ ਧਿਆਨ। ਅਹੰਗ੍ਰਹਿ ਧਿਆਨ ਤਾਂ ਇਕ ਬ੍ਰਹਮ ਗਿਆਨ ਹੈ -

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨

ਫੇਰ ਉਸ ਤੋਂ ਬਾਅਦ 12 ਧਿਆਨ ਦਾ ਅੱਧਾ ਕੁ ਘੰਟਾ ਹੋ ਜਾਂਦਾ ਹੈ। ਉਹਨੂੰ ਫੇਰ ਸਮਾਧੀ ਕਹਿੰਦੇ ਨੇ।

ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ ॥ *ਅੰਗ- ੧੦੬*

ਹੁਣ ਉਹ ਐਸੀ ਸਮਾਧ ਹੈ ਕਿ ਖੁਲ੍ਹੀਆਂ ਅੱਖਾਂ ਨਾਲ ਵੀ ਓਹੀ ਹੋ ਰਿਹਾ ਹੈ। ਸਾਰਿਆਂ ਵਿਚ ਹੀ ਉਹ ਪ੍ਰਮੇਸ਼ਰ ਨਜ਼ਰ ਆਉਂਦਾ ਹੈ -

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ *ਅੰਗ - ੨੮੭*

ਉਸ ਤੋਂ ਅੱਗੇ ਬ੍ਰਹਮ ਗਿਆਨ ਹੈ। ਇਹਦੇ ਵਿਚ ਅਵਸਥਾ ਐਨੀ ਉੱਚੀ ਹੋ ਜਾਂਦੀ ਹੈ ਕਿ -

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ
ਆਲੇ ਭੀਤਰਿ ਥਾਤੀ॥ *ਅੰਗ - ੯੭੪*

ਆਗਿਆ ਚੱਕਰ 'ਚ ਧਿਆਨ ਧਰ ਕੇ, ਉਥੇ ਵੀ ਫੇਰ ਜਾਪ ਹੁੰਦਾ ਹੈ। ਸਹੰਸਰਾਰ ਦਲ ਕਮਲ ਲੰਘ ਕੇ ਤ੍ਰਿਕੁਟੀ ਟੁੱਟਦੀ ਹੈ। ਧਿਆਤਾ, ਧਿਆਨ, ਧੇਅ ਇਕ ਹੋ ਜਾਂਦਾ ਹੈ। ਗਿਆਤਾ, ਗਿਆਨ, ਗੇਅ ਇਕ ਹੋ ਜਾਂਦਾ ਹੈ। ਦਸਮ ਦੁਆਰਾ। ਫੇਰ ਸਾਰੀ ਕਾਇਨਾਤ -

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥ *ਅੰਗ - ੯੪੧*

ਇਹ ਅਵਸਥਾਵਾਂ ਹਨ। ਫੇਰ ਸੰਪਰਗਿਆਤ, ਅਸੰਪਰਗਿਆਤ, ਨਿਰਵਿਕਲਪ ਸਮਾਧੀ ਹੈ। ਫੇਰ ਇਸ ਤੋਂ ਉਪਰ ਸਹਿਜ ਸਮਾਧ ਹੈ।

ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।
ਪ੍ਰਭ ਮਹਿ, ਮੋਹਿ ਮਹਿ, ਤਾਸ ਮਹਿ ਰੰਚਕ ਨਾਹਨ ਭੇਵ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰੋ, ਉਹਨਾਂ 'ਤੇ ਭਰੋਸਾ ਲਿਆਓ, ਤੁਹਾਡੇ ਸਾਰੇ ਕੰਮ ਆਪੇ ਹੀ ਠੀਕ ਹੋ ਜਾਣਗੇ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਗੁਰਬਾਣੀ ਅਰਥ ਭੰਡਾਰ

ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-48)

ਸਲੋਕ ਮਃ ੩ ॥
ਮਨਮੁਖ ਮੈਲੀ ਕਾਮਣੀ
ਕੁਲਖਣੀ ਕੁਨਾਰਿ ॥

ਮਨਮੁਖ ਇਸਤਰੀ ਵਿਕਾਰਾਂ ਦੀ ਮੈਲ ਕਰਕੇ ਮੈਲੀ=ਅਪਵਿੱਤ੍ਰ ਹੈ ਖੋਟੇ ਲੱਛਣਾਂ ਵਾਲੀ ਹੋਣ ਕਰਕੇ ਕੁਨਾਰਿ=ਬਿਭਚਾਰਨ ਹੁੰਦੀ ਹੈ।

ਪਿਰੁ ਛੋਡਿਆ ਘਰਿ ਆਪਣਾ
ਪਰ ਪੁਰਖੈ ਨਾਲਿ ਪਿਆਰੁ ॥

ਉਹ ਆਪਣੇ ਪਿਰੁ=ਪਤੀ ਨੂੰ ਘਰ ਵਿਚ ਹੀ ਛੱਡ ਕੇ, ਪਰ=ਪਰਾਏ ਪੁਰਖੈ=ਪੁਰਸ਼ਾਂ ਨਾਲਿ= ਸਾਥ ਪਿਆਰ ਕਰਦੀ ਹੈ।

ਤ੍ਰਿਸਨਾ ਕਦੇ ਨ ਚੁਕਈ
ਜਲਦੀ ਕਰੇ ਪੂਕਾਰ ॥

ਐਸੀ ਇਸਤਰੀ ਦੀ ਪਰਾਏ ਪੁਰਖਾਂ ਨਾਲ ਸੰਗ ਕਰ ਕੇ ਵਿਸ਼ਿਆਂ ਦੀ ਤ੍ਰਿਸ਼ਨਾ ਕਦੇ ਵੀ ਨ=ਨਹੀਂ ਚੁਕਈ=ਮੁੱਕਦੀ, ਉਹ ਫੇਰ ਨਰਕਾਂ 'ਚ ਜਲਦੀ=ਸੜਦੀ ਹੋਈ ਪੂਕਾਰ=ਫਰਿਆਦਾਂ ਕਰੇ=ਕਰਦੀ ਹੈ।

ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ
ਪਰਹਰਿ ਛੋਡੀ ਭਤਾਰਿ ॥ ੧ ॥

ਸਤਿਗੁਰੂ ਜੀ ਕਥਨ ਕਰਦੇ ਹਨ, ਇਉਂ ਨਾਵੈ= ਨਾਮ ਤੋਂ ਬਿਨਾਂ ਭਾਵ ਪਤੀ ਦੀ ਸੇਵਾ ਤੋਂ ਰਹਿਤ ਕੁਰੂਪਿ=ਖੋਟੇ ਰੂਪ ਵਾਲੀ ਕੁਸੋਹਣੀ=ਬਦ ਸ਼ਕਲ ਨੂੰ ਭਤਾਰਿ=ਪਤੀ ਇਕ ਦਿਨ ਪਰਹਰਿ=ਤਿਆਗ ਕੇ ਛੋਡੀ=ਛੱਡ ਦਿੰਦਾ ਹੈ ਭਾਵ ਛੁੱਟੜ ਕਰ ਦਿੰਦਾ ਹੈ।

ਮਃ ੩ ॥
ਸਬਦਿ ਰਤੀ ਸੋਹਾਗਣੀ
ਸਤਿਗੁਰ ਕੈ ਭਾਇ ਪਿਆਰਿ ॥

ਜੋ ਜੀਵ ਰੂਪ ਇਸਤਰੀ ਸਤਿਗੁਰੂ ਸਾਹਿਬ ਜੀ ਦੇ ਸਬਦਿ=ਉਪਦੇਸ਼ ਵਿਚ ਰਤੀ=ਰੰਗੀ ਹੋਈ ਹੈ, ਉਹ ਸੋਹਾਗਣੀ=ਸੁਹਾਗਵੰਤੀ ਵਾ: ਪਰਮੇਸ਼ਰ ਦੇ ਅਨੰਦ ਵਾਲੀ ਸਖੀ ਹੈ ਅਤੇ ਉਹੋ ਹੀ ਸਤਿਗੁਰਾਂ ਕੈ=ਦੇ ਭਾਇ=ਪ੍ਰੇਮ ਵਾ: ਭਾਣੇ ਅਨੁਸਾਰ ਚੱਲ ਕੇ ਪਰਮੇਸ਼ਰ ਨਾਲ ਪਿਆਰਿ=ਸਨੇਹ ਕਰਦੀ ਹੈ ਵਾ: ਗੁਰਾਂ ਨਾਲ ਸਨੇਹ ਕਰਨੇ ਕਰਕੇ ਪਰਮੇਸ਼ਰ ਨੂੰ ਭਾਇ=ਭਾਉਂਦੀ ਹੈ -

ਸਦਾ ਰਾਵੇ ਪਿਰੁ ਆਪਣਾ
ਸਚੈ ਪ੍ਰੇਮਿ ਪਿਆਰਿ ॥

ਉਸ ਦਾ ਸੱਚੇ ਸਤਿਗੁਰੂ ਨਾਲ ਮਨ, ਬਾਣੀ ਕਰਕੇ ਪ੍ਰੇਮਿ ਪਿਆਰ ਹੈ। ਐਸੀ ਜੀਵ ਰੂਪੀ ਇਸਤਰੀ ਸਦਾ ਲਈ ਆਪਣੇ ਪਿਰੁ=ਪਤੀ ਪਰਮੇਸ਼ਰ ਦੇ ਅਨੰਦ ਨੂੰ ਰਾਵੇ=ਮਾਣਦੀ ਹੈ।

ਅਤਿ ਸੁਆਲਿਉ ਸੁੰਦਰੀ
ਸੋਭਾਵੰਤੀ ਨਾਰਿ ॥

ਜੋ ਜੀਵ ਰੂਪੀ ਨਾਰਿ=ਇਸਤਰੀ ਲੋਕ ਪ੍ਰਲੋਕ ਵਿਚ ਸੋਭਾਵੰਤੀ=ਸੋਭਾ ਵਾਲੀ ਹੈ, ਉਹ ਅਤਿ=ਅਤਿਅੰਤ ਹੀ ਸੁਆਲਿਓ=ਸਲਾਹੁਣੇ ਯੋਗ 'ਤੇ ਭਗਤੀ ਆਦਿ ਸ਼ੁਭ ਗੁਣਾਂ ਦੇ ਸਹਿਤ ਸੁੰਦਰੀ=ਸੋਹਣੀ ਹੈ।

ਨਾਨਕ ਨਾਮਿ ਸੋਹਾਗਣੀ
ਮੇਲੀ ਮੇਲਣਹਾਰਿ ॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਦਾ ਨਾਮ ਸੋਹਾਗਣੀ=ਸੁਹਾਗਵੰਤੀ ਵਾ: ਪ੍ਰਮੇਸ਼ਰ ਦੇ ਅਨੰਦ ਵਾਲੀ ਹੈ ਜਿਸ ਨੂੰ ਮੇਲਣਹਾਰਿ=ਮੇਲਣ ਵਾਲੇ ਪਰਮੇਸ਼ਰ ਨੇ ਆਪਣੇ ਸਰੂਪ ਵਿਚ ਮੇਲੀ=ਮੇਲ ਲਿਆ ਹੈ।

ਪਉੜੀ ॥
ਹਰਿ ਤੇਰੀ ਸਭ ਕਰਹਿ ਉਸਤਤਿ
ਜਿਨਿ ਫਾਥੇ ਕਾਢਿਆ ॥

ਹੇ ਹਰਿ=ਪਰਮੇਸ਼ਰ! ਤੇਰੀ=ਤੁਹਾਡੀ ਸਭ=ਸਾਰੇ ਉਸਤਤਿ=ਮਹਿਮਾ ਕਰਦੇ ਹਨ। ਜਿਨਿ=ਜਿਸ ਨੇ ਦੁੱਖਾਂ, ਬੰਧਨਾਂ ਵਿਚ ਫਾਥੇ=ਫਸੇ ਹੋਇਆਂ ਨੂੰ ਕਾਢਿਆ=ਕੱਢ ਲੈਣਾ ਕੀਤਾ ਹੈ ਵਾ: ਉਹ ਸਾਰੇ ਹੀ ਤੇਰੀ ਉਪਮਾ ਕਰਦੇ ਹਨ ਜਿਨ੍ਹਾਂ ਨੂੰ ਤੂੰ ਮਾਇਆ ਦੇ ਮੋਹ ਵਿਚ ਫਸੇ ਹੋਇਆਂ ਨੂੰ ਕੱਢ ਲਿਆ ਹੈ।

ਹਰਿ ਤੁਧਨੋ ਕਰਹਿ ਸਭ ਨਮਸਕਾਰੁ
ਜਿਨਿ ਪਾਪੈ ਤੇ ਰਾਖਿਆ ॥

ਹੇ ਹਰਿ=ਹਰੀ ਪਰਮੇਸ਼ਰ! ਉਹ ਸਭ=ਸਾਰੇ

ਤੁਧਨੋ=ਤੁਹਾਨੂੰ ਨਮਸ਼ਕਾਰ ਬੰਦਨਾ ਕਰਹਿ=ਕਰਦੇ ਹਨ। ਜਿਨਿ=ਜਿਨ੍ਹਾਂ ਨੂੰ ਤੂੰ ਪਾਪੈ=ਪਾਪ ਕਰਨ ਤੋਂ ਰਾਖਿਆ=ਬਚਾਇਆ ਹੈ।

ਹਰਿ ਨਿਮਾਣਿਆ ਤੂੰ ਮਾਣੁ
ਹਰਿ ਡਾਢੀ ਹੂੰ ਤੂੰ ਡਾਢਿਆ ॥

ਹੇ ਹਰੀ ਪਰਮੇਸ਼ਰ! ਨਿਮਾਣਿਆ=ਮਾਣ ਤੋਂ ਰਹਿਤ ਪੁਰਖਾਂ ਨੂੰ ਤੂੰ ਮਾਣੁ=ਸਤਿਕਾਰ ਦੇਣ ਵਾਲਾ ਹੈਂ? ਹੇ ਹਰਿ=ਪਰਮੇਸ਼ਰ! ਬੜੇ-ਬੜੇ ਡਾਢੀ=ਬਲ ਵਾਲਿਆਂ ਹੂੰ=ਤੋਂ ਵੀ ਤੂੰ ਡਾਢਿਆ=ਬਲਵਾਨ ਹੈ।

ਹਰਿ ਅਹੰਕਾਰੀਆ ਮਾਰਿ ਨਿਵਾਏ
ਮਨਮੁਖ ਮੂੜ ਸਾਧਿਆ ॥

ਹੇ ਹਰਿ=ਪਰਮੇਸ਼ਰ! ਤੂੰ ਹੰਕਾਰੀਆਂ ਨੂੰ ਮਾਰ ਕੇ ਭਗਤਾਂ ਦੇ ਅੱਗੇ ਨਿਵਾਏ=ਝੁਕਾ ਦਿਤਾ ਹੈ। ਜਿਨ੍ਹਾਂ ਨੇ ਆਪਣੇ ਮਨ ਨੂੰ ਹੀ ਮੁਖੀ ਬਣਾਇਆ ਹੋਇਆ ਹੈ, ਉਹ ਐਸੇ ਮੂੜ=ਪਾਮਰ ਬਿਰਤੀ ਵਾਲੇ ਵਿਸ਼ਈ ਪੁਰਖਾਂ ਨੂੰ ਵੀ ਸਾਧਿਆ=ਸੋਧ ਦਿੰਦਾ ਹੈ।

ਹਰਿ ਭਗਤਾ ਦੇਇ ਵਡਿਆਈ
ਗਰੀਬ ਅਨਾਥਿਆ ॥

ਹੇ ਹਰਿ=ਪਰਮੇਸ਼ਰ ਜੀ! ਤੂੰ ਆਪਣੇ ਭਗਤਾਂ ਨੂੰ ਵਡਿਆਈ=ਜਸ, ਮਾਣ, ਇੱਜ਼ਤ ਦੇਇ=ਦੇਂਦਾ ਹੈ, ਜਿਹੜੇ ਭਗਤ ਬਚਨਾਂ ਕਰਕੇ ਗਰੀਬ=ਦੀਨ ਭਾਵ ਨਿਮਰਤਾ ਵਾਲੇ ਅਤੇ ਮਾਇਆ ਦੇ ਮੋਹ ਵੱਲੋਂ ਅਨਾਥਿਆ=ਅਨਾਥ ਰਹਿੰਦੇ ਹਨ, ਉਨ੍ਹਾਂ ਦੀ ਰੱਖਿਆ ਕਰਦਾ ਹੈਂ।

ਸਲੋਕ ਮਃ ੩ ॥
ਸਤਿਗੁਰ ਕੈ ਭਾਣੈ ਜੋ ਚਲੈ
ਤਿਸੁ ਵਡਿਆਈ ਵਡੀ ਹੋਇ ॥

ਹੇ ਭਾਈ! ਜੋ=ਜਿਹੜਾ ਪੁਰਖ ਸਤਿਗੁਰੂ ਸਾਹਿਬ ਜੀ ਦੇ ਭਾਣੈ=ਹੁਕਮ ਅਨੁਸਾਰ ਹੋ ਕੈ=ਕਰਕੇ ਚਲੈ=ਚਲਦਾ ਹੈ, ਤਿਸੁ=ਉਸ ਦੀ ਵਡਿਆਈ=ਸ਼ੋਭਾ ਰਾਜਿਆਂ ਮਹਾਰਾਜਿਆਂ ਆਦਿ ਸਭ ਤੋਂ ਵੱਡੀ ਹੋਇ=ਹੁੰਦੀ ਹੈ।

ਹਰਿ ਕਾ ਨਾਮੁ ਉਤਮੁ ਮਨਿ ਵਸੈ
ਮੇਟਿ ਨ ਸਕੈ ਕੋਇ ॥

ਜਿਸ ਦੇ ਮਨਿ=ਹਿਰਦੇ ਵਿਚ ਹਰਿ=ਪਰਮੇਸ਼ਰ ਕਾ=ਦਾ ਉਤਮੁ=ਸ੍ਰੇਸ਼ਟ ਨਾਮ ਵਸੈ=ਵਸਿਆ ਹੋਇਆ ਹੈ, ਉਸ ਦੀ ਵਡਿਆਈ, ਭਗਤੀ ਦੀ ਕਮਾਈ ਨੂੰ ਕੋਇ=ਕੋਈ ਵੀ ਸਰਾਪ ਦੇ ਕੇ ਜਾਂ ਈਰਖਾ ਨਾਲ ਮੇਟ ਨ=ਨਹੀਂ ਸਕੈ=ਸਕਦਾ।

ਕਿਰਪਾ ਕਰੇ ਜਿਸੁ ਆਪਣੀ
ਤਿਸੁ ਕਰਮਿ ਪਰਾਪਤਿ ਹੋਇ ॥

ਜਿਸ ਉਤੇ ਅਕਾਲ ਪੁਰਖ ਆਪਣੀ ਕਿਰਪਾ=ਦਇਆ ਦ੍ਰਿਸ਼ਟੀ ਕਰੇ=ਕਰ ਦਿੰਦਾ ਹੈ, ਤਿਸੁ=ਉਸ ਨੂੰ ਗੁਰੂ ਕ੍ਰਿਪਾ ਦੁਆਰਾ ਨਿਸ਼ਕਾਮ ਦੀ ਵਾ: ਸੱਚ ਸਰੂਪ ਦੀ ਪ੍ਰਾਪਤੀ ਹੋਇ=ਹੁੰਦੀ ਹੈ।

ਨਾਨਕ ਕਾਰਣੁ ਕਰਤੇ ਵਸਿ ਹੈ
ਗੁਰਮੁਖਿ ਬੂਝੈ ਕੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਕਿ ਮਾਇਆ, ਮਹਿਤੱਤ ਆਦਿ ਸਾਰੇ ਕਾਰਨ ਕਰਤੇ=ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਵਸਿ=ਅਧੀਨ ਰੱਖੇ ਹੋਏ ਹਨ। ਕੋਈ ਵਿਰਲੇ ਗੁਰਮੁਖ ਹੀ ਇਸ ਗੱਲ ਨੂੰ ਬੂਝੈ=ਸਮਝਦੇ ਹਨ।

ਮਃ ੩ ॥
ਨਾਨਕ ਹਰਿ ਨਾਮੁ ਜਿਨੀ ਆਰਾਧਿਆ
ਅਨਦਿਨੁ ਹਰਿ ਲਿਵ ਤਾਰ ॥

ਸਤਿਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਨੇ ਹਰਿ=ਹਰੀ ਪਰਮੇਸ਼ਰ ਦੇ ਨਾਮ ਨੂੰ ਦਿਲ ਦੀ ਭਾਵਨਾ ਨਾਲ ਆਰਾਧਿਆ=ਯਾਦ ਕੀਤਾ ਹੈ। ਉਹ ਹਰਿ=ਹਰੀ ਅਕਾਲ ਪੁਰਖ ਦਾ ਨਾਮ ਅਨਦਿਨੁ=ਦਿਨ ਰਾਤ ਤਾਰ=ਇਕ ਰਸ ਵਾ: ਤੇਲ ਧਾਰਾ ਵਤ ਲਿਵ=ਬਿਰਤੀ ਲਾ ਕੇ ਜਪਦੇ ਹਨ। ਜਿਸ ਪ੍ਰਕਾਰ ਤੇਲ ਦੀ ਧਾਰ ਇਕ ਰਸ ਚਲਦੀ ਹੈ, ਟੁੱਟਦੀ ਨਹੀਂ, ਇਸ ਤਰ੍ਹਾਂ ਪਰਮੇਸ਼ਰ ਦੇ ਨਾਮ ਨੂੰ ਨਿਰੰਤਰ ਜਪਣ ਵਾਲਿਆਂ ਨੂੰ ਵਾਹਿਗੁਰੂ ਤਾਰ ਦਿੰਦਾ ਹੈ।

ਮਾਇਆ ਬੰਦੀ ਖਸਮ ਕੀ
ਤਿਨ ਅਗੈ ਕਮਾਵੈ ਕਾਰ ॥

ਮਾਇਆ ਖਸਮ=ਅਕਾਲ ਪੁਰਖ ਕੀ=ਦੀ ਬੰਦੀ=ਦਾਸੀ ਹੈ। ਇਹ ਮਾਇਆ ਤਿਨ=ਤਿਨ੍ਹਾਂ ਗੁਰਮੁਖ ਜਨਾਂ ਦੇ ਅਗੈ=ਅੱਗੇ ਭਾਵ ਚਰਨੀਂ ਪੈ ਕੇ ਕਾਰ ਕਮਾਵੈ=ਕਮਾਉਂਦੀ ਹੈ ਵਾ: ਗੁਰਮੁਖ ਜਨਾਂ ਦੇ ਅੱਗੇ ਰਿੱਧੀਆਂ-ਸਿੱਧੀਆਂ ਰੂਪ ਹੋ ਕੇ ਕਾਰ ਕਮਾਉਂਦੀ ਹੈ।

ਪੂਰੈ ਪੂਰਾ ਕਰਿ ਛੋਡਿਆ
ਹੁਕਮਿ ਸਵਾਰਣਹਾਰ ॥

ਉਨ੍ਹਾਂ ਗੁਰਮੁਖਾਂ ਨੂੰ ਪੂਰੈ=ਪੂਰਨ ਸਤਿਗੁਰਾਂ ਨੇ

ਕਿਰਪਾ ਕਰਕੇ ਪੂਰਾ=ਪੂਰਨ ਗਿਆਨ ਵਾਲੇ ਕਰ ਛੱਡਿਆ ਭਾਵ ਗਿਆਨਵਾਨ ਬਣਾ ਦਿਤਾ ਹੈ, ਉਹ ਗੁਰਮੁਖ ਜਨ ਹੁਕਮ ਵਿਚ ਚੱਲ ਕੇ ਹੋਰਨਾਂ ਦੇ ਜੀਵਨ ਨੂੰ ਸਵਾਰਣਹਾਰ=ਸਵਾਰਨ ਵਾਲੇ ਬਣ ਜਾਂਦੇ ਹਨ ਵਾ: ਸਵਾਰਹਹਾਰੇ ਪ੍ਰਭੂ ਦੇ ਹੁਕਮ ਵਿਚ ਪੂਰੇ ਸਤਿਗੁਰਾਂ ਨੇ ਗੁਰਮੁਖਾਂ ਦੇ ਹਿਰਦੇ ਵਿਚ ਪੂਰਨ ਬ੍ਰਹਮ ਗਿਆਨ ਪੈਦਾ ਕਰ ਛੱਡਿਆ ਹੈ।

ਗੁਰ ਪਰਸਾਦੀ ਜਿਨੀ ਬੁਝਿਆ
ਤਿਨਿ ਪਾਇਆ ਮੋਖ ਦੁਆਰੁ ॥

ਜਿਨ੍ਹਾਂ ਨੇ ਗੁਰ=ਸਤਿਗੁਰਾਂ ਦੀ ਪਰਸਾਦੀ=ਕਿਰਪਾ ਨਾਲ ਪਰਮਾਰਥ ਨੂੰ ਬੁਝਿਆ=ਸਮਝ ਲਿਆ ਹੈ, ਤਿਨਿ=ਉਨ੍ਹਾਂ ਨੇ ਸੰਸਾਰ ਵਿਚ ਹੁੰਦਿਆਂ ਹੋਇਆਂ ਵੀ ਮੋਖ=ਮੁਕਤੀ ਦਾ ਦੁਆਰੁ=ਦਰਵਾਜ਼ਾ ਪਾਇਆ=ਪਾ ਲਿਆ ਹੈ ਵਾ: ਉਨ੍ਹਾਂ ਨੇ ਬ੍ਰਹਮ ਗਿਆਨ ਰੂਪੀ ਮੁਕਤੀ ਦਾ ਦੁਆਰ ਪਾ ਲਿਆ ਹੈ।

ਮਨਮੁਖ ਹੁਕਮੁ ਨ ਜਾਣਨੀ
ਤਿਨ ਮਾਰੇ ਜਮ ਜੰਦਾਰੁ ॥

ਮਨਮੁਖ ਲੋਕ ਪਰਮੇਸ਼ਰ ਦੇ ਹੁਕਮੁ=ਰਜ਼ਾ ਨੂੰ ਜਾਣਨੀ=ਸਮਝਦੇ ਨਹੀਂ ਹਨ। ਸਦਾ ਹੀ ਹਉਮੈ ਦੇ ਸਹਿਤ ਰਹਿੰਦੇ ਹਨ। ਤਿਨ=ਉਨ੍ਹਾਂ ਨੂੰ ਜੰਦਾਰੁ=ਜਿੰਦ ਦਾ ਵੈਰੀ ਜਮ ਮਾਰੇ=ਮਾਰਦਾ ਹੈ ਵਾ: ਜਮ ਜੰਦਾਰੁ=ਡੰਡਾ ਲੈ ਕੇ ਮਾਰਦਾ ਹੈ ਵਾ: ਜਮ ਜੰਦਾਰੁ=ਜਲਾਦ ਰੂਪ ਹੋ ਕੇ ਮਾਰੇ=ਮਾਰਦਾ ਹੈ।

ਗੁਰਮੁਖਿ ਜਿਨੀ ਅਰਾਧਿਆ
ਤਿਨੀ ਤਰਿਆ ਭਉਜਲੁ ਸੰਸਾਰੁ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਪਰਮੇਸ਼ਰ ਦੇ ਨਾਮ ਨੂੰ ਅਰਾਧਿਆ=ਅਰਾਧਨਾ ਕੀਤਾ ਹੈ, ਤਿਨੀ=ਉਨ੍ਹਾਂ ਨੇ ਜੰਮਣ ਮਰਨ ਦੇ ਭਉਜਲੁ=ਭੈ ਰੂਪੀ ਪਾਣੀ ਨਾਲ ਭਰੇ ਹੋਏ ਸੰਸਾਰ ਸਮੁੰਦਰ ਨੂੰ ਤਰਿਆ=ਤਰਨਾ ਕੀਤਾ ਹੈ।

ਸਭਿ ਅਉਗਣ ਗੁਣੀ ਮਿਟਾਇਆ
ਗੁਰੁ ਆਪੇ ਬਖਸਣਹਾਰੁ ॥ ੨ ॥

ਗੁਰਮੁਖ ਜਨਾਂ ਨੇ ਆਪਣੇ ਸਭਿ=ਸਾਰੇ ਅਉਗਣ=ਗੁਨਾਹਾਂ ਨੂੰ ਸਤ, ਸੰਤੋਖ ਆਦਿ ਗੁਣੀ=ਗੁਣ ਧਾਰਨ ਕਰ ਕੇ ਮਿਟਾਇਆ=ਮਿਟਾ ਲਿਆ ਹੈ, ਇਸ ਕਰਕੇ ਉਨ੍ਹਾਂ ਨੂੰ ਸਤਿਗੁਰੂ ਜੀ ਆਪ ਹੀ ਬਖਸ਼ਣਹਾਰ ਹੈ ਵਾ: ਬਖਸਣਹਾਰੁ=ਬਖਸਿੰਦ ਗੁਰੂ ਆਪ ਹੀ ਬਖਸ਼ ਲੈਂਦਾ ਹੈ।

ਪਉੜੀ ॥
ਹਰਿ ਕੀ ਭਗਤਾ ਪਰਤੀਤਿ
ਹਰਿ ਸਭ ਕਿਛੁ ਜਾਣਦਾ ॥

ਭਗਤਾ=ਭਗਤ ਜਨਾਂ ਨੂੰ ਹਰਿ=ਹਰੀ ਪਰਮੇਸ਼ਰ ਦੀ ਹੀ ਪਰਤੀਤਿ=ਪ੍ਰਤੀਤੀ ਹੈ, ਉਹ ਇਸ ਗੱਲ ਨੂੰ ਸਮਝਦੇ ਹਨ ਕਿ ਹਰਿ=ਅਕਾਲ ਪੁਰਖ ਸਭ=ਸਾਰਾ ਕਿਛੁ=ਕੁਝ ਜਾਣਦਾ ਹੈ।

ਹਰਿ ਜੇਵਡੁ ਨਾਹੀ ਕੋਈ
ਜਾਣੁ ਹਰਿ ਧਰਮੁ ਬੀਚਾਰਦਾ ॥

ਦੁਨੀਆਂ ਵਿਚ ਹਰਿ=ਅਕਾਲ ਪੁਰਖ ਜੇਵਡੁ=ਜਿੱਡਾ ਵੱਡਾ ਹੋਰ ਕੋਈ ਵੀ ਨਹੀਂ ਹੈ। ਐਸਾ ਜਾਨਣਾ ਕਰੋ ਕਿ ਹਰਿ=ਹਰੀ ਪਰਮੇਸ਼ਰ ਧਰਮ ਦੀ ਬੀਚਾਰਦਾ=ਵੀਚਾਰ ਕਰਦਾ ਹੈ। ਜਿਹੜੇ ਵਿਅਕਤੀ ਸੱਚ 'ਤੇ ਪਹਿਰਾ ਦੇਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਸੱਚੇ ਬਣਾ ਦਿੰਦਾ ਹੈ ਤੇ ਜਿਹੜੇ ਕੂੜਿਆਰ ਹੁੰਦੇ ਹਨ, ਉਨ੍ਹਾਂ ਨੂੰ ਖੋਟੇ ਕੰਮਾਂ ਵਾਲੇ ਬਣਾ ਦਿੰਦਾ ਹੈ।

ਕਾੜਾ ਅੰਦੇਸਾ ਕਿਉ ਕੀਜੈ
ਜਾ ਨਾਹੀ ਅਧਰਮਿ ਮਾਰਦਾ ॥

ਕਾੜਾ=ਝੋਰਾ ਜਾਂ ਅੰਦੇਸਾ=ਸੰਸਾ ਕਿਉ=ਕਿਸ ਲਈ ਕੀਜੈ=ਕਰਨਾ ਹੈ, ਜਾ=ਜਦ ਕਿ ਉਹ ਪਰਮੇਸ਼ਰ ਅਧਰਮਿ=ਅਨਿਆਏ, ਬੇਇਨਸਾਫੀ ਕਰ ਕੇ ਨਾਹੀ=ਨਹੀਂ ਮਾਰਦਾ ਭਾਵ ਕਿਸੇ ਨੂੰ ਅਣਹੋਇਆ ਦੋਸ਼ ਲਾ ਕੇ ਨਹੀਂ ਮਾਰਦਾ, ਜੀਵਾਂ ਦੇ ਕਰਮਾਂ ਦੇ ਅਨੁਸਾਰ ਸਜ਼ਾ ਦਿੰਦਾ ਹੈ। ਇਹ ਪਰਮੇਸ਼ਰ ਦਾ ਨਿਯਮ ਹੈ।

ਸਚਾ ਸਾਹਿਬੁ ਸਚੁ ਨਿਆਉ
ਪਾਪੀ ਨਰੁ ਹਾਰਦਾ ॥

ਉਹ ਸਚਾ ਸਾਹਿਬੁ=ਮਾਲਕ ਹੈ ਅਤੇ ਉਸ ਦਾ ਨਿਆਉ=ਇਨਸਾਫ ਵੀ ਸੱਚਾ ਹੈ। ਜਿਹੜਾ ਵਿਅਕਤੀ ਪਾਪ ਕਰਨ ਵਾਲਾ ਹੈ, ਉਹ ਨਰੁ=ਪੁਰਖ ਪਰਮੇਸ਼ਰ ਦੀ ਦਰਗਾਹ ਵਿਚ ਹਾਰਦਾ=ਹਾਰ ਜਾਂਦਾ ਹੈ।

ਸਾਲਾਹਿਹੁ ਭਗਤਹੁ ਕਰ ਜੋੜਿ
ਹਰਿ ਭਗਤ ਜਨ ਤਾਰਦਾ ॥ ੧੮ ॥

ਹੇ ਭਗਤਹੁ=ਭਗਤ ਜਨੋ ਮਨ ਅਤੇ ਬੁੱਧੀ ਰੂਪੀ ਕਰ=ਹੱਥ ਜੋੜ ਕੇ ਪਰਮੇਸ਼ਰ ਦੀ ਸਾਲਾਹਿਹੁ=ਸਿਫਤ ਕਰੋ। ਜਿਹੜੇ ਭਗਤ ਜਨ ਹਨ, ਉਨ੍ਹਾਂ ਨੂੰ ਹਰਿ=ਹਰੀ ਪਰਮੇਸ਼ਰ ਤਾਰਦਾ=ਤਾਰ ਦਿੰਦਾ ਹੈ।

'ਚਲਦਾ.....।'

ਜਨ ਪਰਉਪਕਾਰੀ ਆਏ

(ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

ਪ੍ਰੋ. ਗੁਰਦੇਵ ਸਿੰਘ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-55)

ਜੇਕਰ ਹੰਕਾਰੀ ਬਣ ਕੇ ਪਾਪ, ਕਮਾਉਂਦਾ ਹੈ ਫੇਰ 'ਤਪੋਂ ਰਾਜ ਤੇ ਰਾਜੋਂ ਨਰਕ ਦਾ ਅਧਿਕਾਰੀ ਬਣ ਜਾਂਦਾ ਹੈ। ਰਾਜਮੱਦ ਦੇ ਹੰਕਾਰ, ਤ੍ਰਿਸ਼ਨਾ ਦੇ ਅਧੀਨ ਹੀ ਹਫਸ਼ ਨੇ ਉਛਾਲਾ ਮਾਰਿਆ ਅਤੇ ਸਭ ਤੋਂ ਪਹਿਲਾ ਹਮਲਾ ਇਸ ਨੇ ਹਿੰਦੁਸਤਾਨ ਉਤੇ ਕੀਤਾ ਅਤੇ ਲੁੱਟ-ਮਾਰ ਕਰਕੇ ਬਹੁਤ ਧਨ ਇਕੱਠਾ ਕਰਕੇ ਲੈ ਗਿਆ। ਉਪਰੰਤ ਇਸ ਦੇ ਪੁੱਤਰ ਮਹਿਮੂਦ ਨੇ ਹਿੰਦੋਸਤਾਨ ਉਤੇ 17 ਹਮਲੇ ਕੀਤੇ ਲੁੱਟ ਮਾਰ ਕਰਕੇ ਅਨੇਕਾਂ ਪੁਰਸ਼-ਇਸਤ੍ਰੀਆਂ ਨੂੰ ਗੁਲਾਮ ਬਣਾ ਕੇ ਲਿਜਾਂਦਾ ਰਿਹਾ ਅਤੇ ਉਥੇ ਟਕੇ-ਟਕੇ ਵਿਚ ਵੇਚਦਾ ਸੀ। ਇਸ ਤੋਂ ਬਾਦ ਮੁਹੰਮਦ ਗੌਰੀ ਤੇ ਫੇਰ ਲਗਾਤਾਰ ਵਿਦੇਸ਼ੀ ਹਮਲਿਆਂ ਦੇ ਫਲਸਰੂਪ ਭਾਰਤ ਦੇਸ਼ ਬਾਬਰ ਤੋਂ ਬਾਦ ਮੁਗਲੀਆ ਸਲਤਨਤ ਦਾ ਕਈ ਸਦੀਆਂ ਤਕ ਗੁਲਾਮ ਰਿਹਾ। ਪਹਿਲਾਂ ਛੇਵੇਂ ਪਾਤਸ਼ਾਹ ਜੀ ਨੇ ਮੁਗਲ ਸਲਤਨਤ ਦੇ ਬਾਦਸ਼ਾਹ ਸ਼ਾਹਜਹਾਨ ਨਾਲ ਟੱਕਰ ਲੈ ਕੇ ਚਾਰ ਯੁੱਧ ਜਿਤ ਕੇ ਹਲੇਮੀ ਰਾਜ ਦਾ ਸਬਕ ਸਿਖਾਇਆ। ਫੇਰ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 14 ਜੰਗਾਂ ਲੜਕੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਵੰਗਾਰਿਆ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪੰਜਾਬ ਵਿਚ ਖਾਲਸਾ ਰਾਜ ਕਾਇਮ ਕੀਤਾ ਅਤੇ ਖੇਤੀ ਕਰਨ ਵਾਲੇ ਵਾਹਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣਾ ਕੇ ਸਦਾ ਲਈ ਹੱਕ-ਹਕੂਕ ਦਿਤੇ। ਉਪਰੰਤ ਖਾਲਸੇ ਨੇ ਮੁਗਲਾਂ ਨੂੰ ਹਰਾ ਕੇ ਦਿੱਲੀ ਦੇ ਤਖਤ 'ਤੇ ਕਬਜ਼ਾ ਕੀਤਾ ਤੇ ਦੇਸ਼ ਨੂੰ ਆਜ਼ਾਦ ਕਰਵਾਇਆ।

ਇਸ ਤਰ੍ਹਾਂ ਨਾਲ ਖੇਤੀ ਕਰਦੇ ਹੋਏ, ਅਨੇਕਾਂ ਕਠਿਨਾਈਆਂ ਤੇ ਚੁਣੌਤੀਆਂ ਨਾਲ ਜੂਝਦੇ ਹੋਏ ਆਪ ਦੋਵਾਂ ਨੇ ਬੜੀ ਸਫਲਤਾ ਪ੍ਰਾਪਤ ਕੀਤੀ। ਬਾਬਾ ਜੀ-ਬੀਜੀ ਦੱਸਿਆ ਕਰਦੇ ਸਨ ਕਿ ਨੇੜੇ ਘਣਾ ਜੰਗਲ ਸੀ, ਸ਼ੁਰੂ-ਸ਼ੁਰੂ ਵਿਚ ਖੇਤੀ ਕੀਤੀ ਉਦੋਂ ਸਾਡੇ ਕੋਲ ਪੱਕੇ ਮਕਾਨ ਨਹੀਂ ਸਨ, ਜੰਗਲ ਕੱਟ ਕੇ ਉਚਾ ਜਿਹਾ ਥਾਂ ਦੇਖ ਕੇ ਛੱਪਰ ਬਣਾ ਲਏ ਜਾਂਦੇ ਸੀ। ਡਰ ਰਹਿੰਦਾ ਸੀ ਕਿ ਜੇ ਕਿਧਰੇ ਅੱਗ ਲੱਗ ਜਾਵੇ ਤਾਂ ਵਿਚ ਹੀ ਨਾ ਘਿਰ ਜਾਈਏ ਇਸ ਲਈ ਦਰਵਾਜੇ ਸਦਾ ਖੁਲ੍ਹੇ ਹੀ ਰਹਿੰਦੇ ਸੀ। ਕੁੱਤੇ, ਬੱਕਰੀਆਂ ਆਦਿ ਪਸ਼ੂ ਲੋਕੀ ਘੱਟ ਹੀ ਰੱਖਦੇ ਸੀ ਕਿਉਂਕਿ ਆਮ ਤੌਰ 'ਤੇ ਜੰਗਲੀ ਜਾਨਵਰ ਰਾਤ ਨੂੰ ਫਸਲਾਂ ਉਜਾੜ ਜਾਂਦੇ ਅਤੇ ਪਸ਼ੂਆਂ ਨੂੰ ਵੀ ਚੁਕ ਕੇ ਖਾ ਜਾਇਆ ਕਰਦੇ ਸੀ। ਲੱਕੜਬੱਘੇ, ਬਘਿਆੜ ਅਤੇ ਸ਼ੇਰ ਆਮ ਹੀ ਆ ਜਾਇਆ ਕਰਦੇ ਸੀ।

ਬਾਬਾ ਜੀ ਨੇ ਦੱਸਿਆ ਇਕ ਵੇਰਾਂ ਦੀ ਗੱਲ ਹੈ ਕਿ ਮੈਂ ਹਾਲੇ ਚੰਡੀਗੜ੍ਹ ਹੀ ਸੀ ਤੁਹਾਡੇ ਬੀਜੀ ਫਾਰਮ ਵਿਚ ਬੱਚਿਆਂ ਸਮੇਤ ਰਹਿ ਰਹੇ ਸਨ। ਇਹੋ ਜਿਹੇ ਹਾਲਾਤਾਂ ਵਿਚ ਬੜੀ ਦਲੇਰੀ ਨਾਲ ਐਸੀਆਂ ਬਿਖਮ ਤੇ ਜੋਖਮ ਭਰੀਆਂ ਪ੍ਰਸਥਿਤੀਆਂ (ਹਾਲਾਤਾਂ) ਵਿਚ ਇਕੱਲੇ ਹੀ ਜੂਝਦੇ ਰਹੇ ਸਨ ਅਤੇ ਫੇਰ ਮੈਂ ਵੀ ਕੁਝ ਮਹੀਨੇ ਬਾਦ ਆ ਗਿਆ ਸੀ। ਚਾਰੇ ਪਾਸਿਓਂ ਸਾਡੀ ਜ਼ਮੀਨ ਜੰਗਲ ਨਾਲ ਘਿਰੀ ਹੋਈ ਸੀ। ਰਾਤ ਨੂੰ ਲੈਂਪ ਜਗਾ ਕੇ ਰੋਸ਼ਨੀ ਕਰਨ ਨਾਲ ਜੰਗਲੀ ਜਾਨਵਰਾਂ ਤੋਂ ਬਚਾ ਹੋ ਜਾਇਆ ਕਰਦਾ ਸੀ। ਸ਼ੇਰ ਦੀ ਗਰਜ ਨਾਲ ਰਾਤ ਨੂੰ ਭਾਂਡੇ ਵੀ ਟਰਨ-ਟਰਨ ਕਰਕੇ ਖੜਕਣ ਲਗ ਜਾਂਦੇ ਸਨ। ਇਸ ਲਈ ਇਨ੍ਹਾਂ ਦੇ ਹਮਲੇ ਤੋਂ ਬਚਣ ਲਈ ਰਾਤ ਨੂੰ ਬਹੁਤ ਸਾਵਧਾਨੀ ਨਾਲ ਰਹਿ ਕੇ ਪਹਿਰਾ ਵੀ ਦੇਣਾ ਪੈਂਦਾ ਸੀ। ਜਦੋਂ ਕਦੇ ਸਾਡਾ ਕੋਈ ਬਲਦ ਜਾਂ ਮੱਝ ਖੁਲ੍ਹ ਕੇ ਜੰਗਲ ਵਿਚ ਚਲੇ ਜਾਂਦੇ ਤਾਂ ਉਸ ਨੂੰ ਮਾਰ ਕੇ ਖਾ ਲਿਆ ਕਰਦੇ ਸਨ। ਪਰ ਉਂਝ ਅਸੀਂ ਤਜਰਬਾ ਕੀਤਾ ਹੋਇਆ ਸੀ ਕਿ ਸ਼ੇਰ ਬਿਨਾ ਮਤਲਬ ਨਾ ਹੀ ਜਾਨਵਰ ਨੂੰ ਮਾਰਦਾ ਹੈ, ਨਾ ਹੀ ਬੰਦੇ ਨੂੰ ਮਾਰਦਾ ਹੈ। ਮਨੁੱਖਾਂ ਨੂੰ, ਇਨ੍ਹਾ ਤੋਂ ਤਾਂ ਘੱਟ ਡਰ ਲਗਦਾ ਸੀ ਪਰ ਹੋਰ ਬਲਾਵਾਂ, ਵਿਸ਼ਖਪਰਾ ਜੋ ਕਿਰਲੇ ਤੋਂ ਅਕਾਰ ਵਿਚ ਕਾਫੀ ਵੱਡਾ ਹੁੰਦਾ ਹੈ, ਜੇ ਪੈਰ ਮਾਰ ਦੇਵੇ, ਉਸ ਦੀ ਜ਼ਹਿਰ ਦਾ ਕੋਈ ਇਲਾਜ ਨਹੀਂ ਹੁੰਦਾ। 22 ਫੁੱਟ ਲੰਮੀਆਂ, ਡੇਢ ਫੁਟ ਚੌੜੀਆਂ ਸਰਾਲਾਂ ਜੋ ਹਿਰਨ ਤੇ ਬੱਕਰੀ ਵਰਗੇ ਜਾਨਵਰ ਨੂੰ ਸਬੂਤਾ ਹੀ ਨਿਗਲ ਜਾਂਦੀਆਂ, ਉਹ ਵੀ ਕਦੀ-ਕਦੀ ਫਾਰਮ ਵਿਚ ਵੇਖਣ ਨੂੰ ਮਿਲ ਜਾਂਦੀਆਂ ਸਨ। ਸੋ ਗੁਰੂ ਮਹਾਰਾਜ ਜੀ ਦੇ ਆਸਰੇ ਅਸੀਂ ਜੰਗਲ ਪੁੱਟ ਕੇ, ਧਰਤੀ ਸਾਫ ਕਰਕੇ, ਜ਼ਮੀਨ ਨੂੰ ਪੱਧਰਾ ਕਰਕੇ ਖੇਤੀ ਯੋਗ ਬਣਾਉਂਦੇ ਸਾਂ। ਇਕ ਵਾਰ ਦਾ ਜ਼ਿਕਰ ਹੈ ਕਿ ਸਾਡੀ ਮੱਝ ਜੋ ਸੂਣ ਵਾਲੀ ਸੀ, ਖੁਲ੍ਹ ਕੇ ਜੰਗਲ ਵਿਚ ਚਲੀ ਗਈ, ਐਧਰ ਉਧਰ ਹੋ ਕੇ ਗੁੰਮ ਹੋ ਗਈ। ਅਸੀਂ ਦੋਵੇਂ ਲੱਭਦੇ-ਲੱਭਦੇ ਜੰਗਲ ਵਿਚ ਚਲੇ

ਗਏ। ਥੋੜ੍ਹੀ ਦੂਰ ਅੱਗੇ ਗਏ, ਦੇਖਿਆ ਇਕ ਸ਼ੇਰ ਸੁੱਤਾ ਪਿਆ ਹੈ। ਉਸ ਵੇਲੇ ਮੈਂ ਥੋੜ੍ਹੀ ਦੂਰੀ ਤੇ ਉਧਰ ਵੱਲ ਨੂੰ ਆ ਰਿਹਾ ਸੀ, ਮੈਨੂੰ ਤੁਹਾਡੇ ਬੀਜੀ ਨੇ ਇਸ਼ਾਰਾ ਕੀਤਾ ਕਿ ਦੱਬੇ ਪੈਰ ਆਇਓ ਇਧਰ ਸ਼ੇਰ ਬੈਠਾ ਹੈ ਕਿਧਰੇ ਜਾਗ ਨਾ ਜਾਵੇ। ਅਸੀਂ ਬੜੀ ਸਾਵਧਾਨੀ ਨਾਲ ਨੇੜੇ-ਨੇੜੇ ਘੁੰਮ ਕੇ ਆ ਗਏ ਤੇ ਸੋਚਿਆ ਕਿ ਮੱਝ ਨੂੰ ਕਿਸੇ ਜੰਗਲੀ ਜਾਨਵਰ ਨੇ ਖਾ ਲਿਆ ਹੈ। ਧੀਰਜ ਨਾਲ ਜੰਗਲ ਵਿਚੋਂ ਨਿਕਲੇ ਤੇ ਜਦੋਂ ਬਾਹਰ ਆਏ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਅਸੀਂ ਦੇਖਿਆ ਕਿ ਮੱਝ ਆਪਣੇ ਕਟਰੂ ਸਮੇਤ ਜੰਗਲ ਵਿਚੋਂ ਬਾਹਰ ਆ ਕੇ ਰਿੰਗ ਰਹੀ ਹੈ ਅਤੇ ਮੱਝ ਵੀ ਲੱਭ ਗਈ, ਇਹ ਵੀ ਵਾਹਿਗੁਰੂ ਜੀ ਦੀ ਕੁਦਰਤ ਦਾ ਇਕ ਕ੍ਰਿਸ਼ਮਾ ਹੀ ਸੀ।

ਹੁਣ ਜਦੋਂ ਯੂ.ਪੀ ਵਿਚ ਆਇਆਂ ਸਾਲ ਦਾ ਦਾ ਸਮਾਂ ਬੀਤ ਗਿਆ, ਔਕੜਾਂ ਨਾਲ ਜੂਝਦੇ ਹੋਏ ਆਰਥਿਕ ਪੱਖੋਂ ਕਾਫੀ ਸੌਖੇ ਹੋ ਗਏ। ਇਸ ਤਰ੍ਹਾਂ ਨਾਲ ਪਿਆਰੇ ਬੀਜੀ ਨੇ ਪੂਰਾ ਸਾਥ ਦੇ ਕੇ ਅਨੇਕਾਂ ਪਰਿਵਾਰਿਕ ਅਤੇ ਆਰਥਿਕ ਮੁਸੀਬਤਾਂ, ਖਿੜੇ ਮੱਥੇ ਆਪਣੇ ਸਿਰ 'ਤੇ ਝੱਲੀਆਂ। ਬੱਚੇ ਵੀ ਪੜ੍ਹਾਈਆਂ ਕਰਕੇ ਆਪੋ ਆਪਣੀਆਂ ਥਾਵਾਂ 'ਤੇ ਸੈੱਟ ਹੋਣ ਵਾਲੇ ਹੋ ਗਏ ਅਤੇ ਘਰ ਵਿਚ ਹਰ ਪਾਸਿਓਂ ਖੁਸ਼ਹਾਲੀ ਸੀ। ਉਸ ਵੇਲੇ ਆਪ ਜੀ ਦੇ ਅੰਦਰ ਫੁਰਨਾ ਸੀ ਕਿ ਜਿਸ ਤਰ੍ਹਾਂ ਨਾਮ ਜਪ ਕੇ, ਸੱਚੀ-ਸੁੱਚੀ ਕਿਰਤ ਕਰਕੇ ਅਤੇ ਵੰਡ ਛਕ ਕੇ ਅਸੀਂ ਵਾਹਿਗੁਰੂ ਜੀ ਦੇ ਸ਼ੁਕਰ ਵਿਚ ਹਾਂ। ਉਸੇ ਤਰ੍ਹਾਂ ਇਥੋਂ ਦੇ ਹੋਰ ਆਬਾਦਕਾਰ ਕਿਸਾਨ, ਜੋ ਜ਼ਿਆਦਾਤਰ ਪਾਕਿਸਤਾਨ ਤੋਂ ਆ ਕੇ ਵਸੇ ਹਨ, ਉਨ੍ਹਾਂ ਨੂੰ ਵੀ ਇਸ ਖੁਸ਼ੀ ਦੇ ਭਾਗੀਦਾਰ ਬਣਾਈਏ। ਉਹ ਵੀ ਗੁਰਮਤਿ ਦੀ ਸੋਝੀ ਪ੍ਰਾਪਤ ਕਰਕੇ ਕੋਰਟ-ਕਚਹਿਰੀਆਂ ਦੀ ਮੁਕੱਦਮੇਬਾਜ਼ੀ, ਆਪਸ ਦੇ ਵੈਰ-ਵਿਰੋਧ, ਚੋਰੀ ਦੇ ਧੰਦੇ ਤੋਂ ਹਟ ਕੇ ਅਤੇ ਸ਼ਰਾਬ ਆਦਿ ਦੇ ਨਸ਼ਿਆਂ ਤੋਂ ਮੁਕਤ ਹੋ ਕੇ, ਗੁਰੂ ਪਿਆਰ ਵਿਚ ਆ ਕੇ ਸੇਵਾ-ਸਿਮਰਨ ਕਰਦਿਆਂ ਹੋਇਆਂ, ਨਵਾਂ-ਨਰੋਆ ਜੀਵਨ ਬਤੀਤ ਕਰਨ। ਆਪ ਦੋਵਾਂ ਜੀਆਂ ਦੇ ਮਨ ਵਿਚ ਬੜੀ ਗਹਿਰੀ ਸੋਚ ਤੇ ਤੜਫ ਸੀ ਕਿ ਸਿੱਖੀ ਦੇ ਵਿਲੱਖਣ ਕਿਰਦਾਰ ਨੂੰ ਬਰਕਰਾਰ ਰੱਖਣ ਲਈ ਇਥੋਂ ਦੇ ਸਿੱਖ ਕਿਸਾਨਾਂ ਦੀ ਰਹਿਣੀ-ਬਹਿਣੀ-ਸਹਿਣੀ ਤੇ ਕਰਨੀ ਵਿਚ ਸੁਧਾਰ ਲਿਆਂਦਾ ਜਾਵੇ। ਵੈਸੇ ਤਾਂ ਆਮ ਸਾਡੇ ਵਰਗੇ ਦੁਨੀਆਦਾਰਾਂ ਦੀ ਸੋਚ ਤਾਂ ਕੇਵਲ ਆਪਣੇ ਭਲੇ ਲਈ ਹੀ ਸੀਮਿਤ ਹੁੰਦੀ ਹੈ, ਹੋਰਨਾਂ ਦੇ ਭਲੇ ਵਾਸਤੇ ਸੋਚਣਾ ਬੜੀ ਦੂਰ ਦੀ ਗੱਲ ਹੈ। ਐਸੀ ਪਰਉਪਕਾਰ ਤੇ ਦਇਆ ਦੀ ਰੀਝ ਕੇਵਲ ਗੁਰਮੁਖ ਪਿਆਰਿਆਂ ਵਿਚ ਹੁੰਦੀ ਹੈ ਕਿ ਜਿਸ ਨਾਲ ਸਭ ਦਾ ਲੋਕ-ਪ੍ਰਲੋਕ ਸੁਹੇਲਾ ਹੋ ਜਾਵੇ। ਉਨ੍ਹਾਂ ਦੇ ਅੰਦਰ ਹਰ ਵੇਲੇ ਪਰਉਪਕਾਰ ਦੀ ਰੌਅ ਚਲਦੀ ਰਹਿੰਦੀ ਹੈ।

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥

ਅੰਗ - ੮੧੫

ਗੁਰੂ ਪਿਆਰਿਆਂ ਦੇ ਅੰਦਰ ਸੱਚੇ ਸਤਿਗੁਰੂ ਜੀ ਦਾ ਨਿਰਮਲ ਭੈਅ ਤੇ ਭਾਉ ਹਰ ਵੇਲੇ ਬਣਿਆ ਰਹਿੰਦਾ ਹੈ। ਆਪ ਜੀ ਅਕਸਰ ਬਚਨ ਕਰਿਆ ਕਰਦੇ ਸੀ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਅਤੇ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀਆਂ ਝਿੜਕਾਂ ਤੋਂ ਡਰ ਲਗਦਾ ਰਹਿੰਦਾ ਸੀ। ਜਦ ਅਸੀਂ ਦਰਗਾਹ ਵਿਚ ਗਏ ਤਾਂ ਕਹਿਣਗੇ, ਜੇ ਤੁਹਾਨੂੰ ਸੋਝੀ ਸੀ ਤਾਂ ਗੁਰਮਤਿ ਗਿਆਨ ਦਾ ਉਪਦੇਸ਼ ਦੇ ਕੇ ਕੁਰਾਹੇ ਪਈ ਲੋਕਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਕਿਉਂ ਨਹੀਂ ਜੋੜਿਆ? ਇਸ ਕਰਕੇ ਇਹ ਖਿਆਲ ਉਨ੍ਹਾਂ ਦੇ ਮਨ ਵਿਚ ਬਾਰ-ਬਾਰ ਉਠਦਾ ਰਹਿੰਦਾ ਸੀ ਕਿ ਜਲਦੀ ਤੋਂ ਜਲਦੀ ਇਸ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ ਜਿਸ ਨਾਲ ਇਥੋਂ ਦੇ ਵਸਨੀਕਾਂ ਦਾ ਧਾਰਮਿਕ ਤੇ ਸਮਾਜਿਕ ਜੀਵਨ ਪੱਧਰ ਉਚਾ ਹੋ ਜਾਵੇ।

ਇਹ ਸੁਭਾਵਿਕ ਹੈ ਕਿ ਸੱਚ ਦੇ ਮਾਰਗ ਉਤੇ ਚੱਲਣ ਵਾਲਿਆਂ ਨੂੰ ਸਮਾਜਿਕ, ਰਾਜਨੀਤਿਕ ਭਾਈਚਾਰਕ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਦੁਨੀਆਂ ਦੇ ਦੋ ਮੂੰਹ ਹੁੰਦੇ ਹਨ, ਕੋਈ ਆਖੇਗਾ ਇਹ ਗੁਰਮਤਿ ਪ੍ਰਚਾਰ ਕਰਕੇ ਚੰਗਾ ਕਰ ਰਹੇ ਹਨ, ਕੋਈ ਆਖੇਗਾ ਇਸ ਵਿਚ ਪਤਾ ਨਹੀਂ ਇਨ੍ਹਾਂ ਦਾ ਕਿਹੜਾ ਸਮਾਜਿਕ ਤੇ ਰਾਜਨੀਤਿਕ ਹਿਤ ਹੋਵੇਗਾ? ਭਾਈਚਾਰੇ ਤੇ ਸਮਾਜ ਵਿਚ ਅਨੇਕਾਂ ਤਰ੍ਹਾਂ ਦੀਆਂ ਗੱਲਾਂ ਚਲ ਪੈਂਦੀਆਂ ਹਨ। ਇਸ ਕਰਕੇ ਦੁਨੀਆਂ ਨੂੰ ਦੋ ਮੂੰਹੀਂ ਜਾਂ ਦੋ ਲੀਹਾਂ ਵਾਲੀ ਕਿਹਾ ਜਾਂਦਾ ਹੈ। ਪਿਆਰੇ ਗੁਰਮੁਖ ਜਨ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਕਰਿਆ ਕਰਦੇ ਕਿਉਂਕਿ ਉਨ੍ਹਾਂ ਨੂੰ ਅਕਾਲ ਪੁਰਖ ਤੇ ਪੂਰਨ ਭਰੋਸਾ ਹੁੰਦਾ ਹੈ। ਗੁਰੂ ਪਿਆਰੇ ਗੁਰੂ ਦੇ ਭੈਅ ਵਿਚ ਰਹਿ ਕੇ ਸਭ ਨੂੰ ਗੁਰਬਾਣੀ ਦੇ ਚਾਨਣ ਦੁਆਰਾ ਸੱਚ ਦਾ ਪ੍ਰਕਾਸ਼ (ਗੁਰਮਤਿ ਗਿਆਨ) ਵੰਡ ਕੇ ਜੀਵਨ ਦਾਨ ਦਿੰਦੇ ਰਹਿੰਦੇ ਹਨ।

ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ *ਅੰਗ- ੭੪੯*

'ਚਲਦਾ.....।'

ਗੁਰੂ ਨਾਨਕ ਆਗਮਨ

(ਸ੍ਰੀ ਗੁਰ ਨਾਨਕ ਚਮਤਕਾਰ)

ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-55)

ਦੁਨੀ ਚੰਦ ਧੁੱਪੜ ਨਿਸਤਾਰਾ

ਕਬੂਲ ਚੰਦ - ਲਾ ਜੀ, ਕੁਛ ਸੁਣੀ ਜੇ ਨਵੀਂ ਗੱਲ?

ਦੁਨੀ ਚੰਦ - ਨਹੀਂ ਜੀ! ਕੋਈ ਦਿਸੋਰ ਦੇ ਭਾ ਪੱਤੇ ਦੀ?

ਕਬੂਲ ਚੰਦ - ਨਹੀਂ ਜੀ! ਉਹ ਜੋ ਸੁਣਦੇ ਸਾਂ ਕਿ ਕੋਈ ਤਪਾ ਮੁਸ਼ਕਿਆ ਹੈ, ਉਹ ਲਾਹੌਰ ਆਇਆ ਹੋਇਆ ਜੇ!

ਦੁਨੀ ਚੰਦ - ਕਿਹੜਾ ਤਪਾ?

